ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

ਮਾਸਕ ੧ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਪਟਿਆਲਾ

## ਕਲਿ ਤਾਰਣਿ ਗੁਰੂ ਨਾਨਕ ਆਇਆ

ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ।
ਚਰਨ ਧੋਇ ਰਹਰਾਸਿ ਕਰਿ ਚਰਣਾਮ੍ਰਿਤੁ ਸਿਖਾਂ ਪੀਲਾਇਆ।
ਪਾਰਬ੍ਰਹਮ ਪੂਰਨ ਬ੍ਰਹਮ ਕਲਿਜੁਗ ਅੰਦਰਿ ਇਕ ਦਿਖਾਇਆ।
ਚਾਰੇ ਪੈਰ ਧਰਮ ਦੇ ਚਾਰਿ ਵਰਨ ਇਕ ਵਰਨੁ ਕਰਾਇਆ।
ਰਾਣਾ ਰੰਕ ਬਰਾਬਰੀ ਪੈਰੀ ਪਵਣਾ ਜਗਿ ਵਰਤਾਇਆ।
ਉਲਟਾ ਖੇਲੁ ਪਿਰੰਮ ਦਾ ਪੈਰਾ ਉਪਰਿ ਸੀਸੁ ਨਿਵਾਇਆ।
ਕਲਿਜੁਗੁ ਬਾਬੇ ਤਾਰਿਆ ਸਤਿਨਾਮੁ ਪੜਿ ਮੰਤ੍ਰ ਸੁਣਾਇਆ।
ਕਲਿ ਤਾਰਣਿ ਗੁਰੁ ਨਾਨਕ ਆਇਆ।

(ਭਾਈ ਗੁਰਦਾਸ)

ਦਸੰਬਰ ੧੯੬੯ } { ਗੁਰੂ ਨਾਨਕ ਅੰਕ–੨

www.AKJ.Org

# * ਲੇਖ-ਸੂਚੀ *


| ਨੰ: | ਲੇਖ | ਪੰਨਾ | ਲੇਖਕ |
|---|---|---|---|
| ੧ | ਰਹਿਤ ਅਤੇ ਜਨੇਊ | ੪ | ਸੰਪਾਦਕ |
| ੨ | ਸੰਗੀਤਕ ਕਲਾਸ ਝਾਂਸੀ | ੬ | ਮਾਸਟਰ ਨਿਹਾਲ ਸਿੰਘ ਜੀ |
| ੩ | ਮੰਨੇ ਦੀਆਂ ਪਉੜੀਆਂ ਦੀ ਵਿਆਖਿਆ | ੭ | ਗੁਰਪੁਰਵਾਸੀ ਭਾ: ਸਾਹਿਬ ਭਾ: ਰਣਧੀਰ ਸਿੰਘ ਜੀ |
| ੪ | ਕਰਾਂਤੀਕਾਰੀ ਗੁਰੂ ਨਾਨਕ | ੧੨ | ਸ: ਨਰੈਣ ਸਿੰਘ ਜੀ ਪਟਿਆਲਾ |
| ੫ | ਗੁਰੂ ਨਾਨਕ ਜੀ ਦਾ ਸੁਲਤਾਨਪੁਰ ਨਿਵਾਸ | ੨੩ | ਸ: ਸੇਵਾ ਸਿੰਘ ਜੀ 'ਸੇਵਕ' ਤਰਨਤਾਰਨ |
| ੬ | ਸੰਗਤ | ੨੬ | ਪ੍ਰਿੰਸੀਪਲ ਮੇਹਰ ਸਿੰਘ ਜੀ ਡੇਹਰਾਦੂਨ |
| ੭ | ਸਿਧ-ਗੋਸ਼ਟ | ੨੯ | ਪ੍ਰੋ. ਪਿਆਰਾ ਸਿੰਘ ਜੀ ਪਦਮ, ਪਟਿਆਲਾ |
| ੮ | ਏਕਮ ਏਕੰਕਾਰ ਨਿਰਾਲਾ | ੩੬ | ਸ: ਹਰਬਖ਼ਸ਼ ਸਿੰਘ ਜੀ ਸਿੰਘਾਪੁਰ |


## ਸਹਾਇਤਾ—ਮਾਸਕ ਪਤਰ ਸੂਰਾ

| | |
|---|---|
| ਸ: ਬਲਦੇਵ ਸਿੰਘ ਜੀ ਜੱਗੀ ਕਪੂਰਥਲਾ | 11 ਰੁਪੈ |
| ਸ: ਸਾਧੂ ਸਿੰਘ ਜੀ ਵੇਨੋਵਾਲ | 100 |
| ਨਿਊ ਪੰਜਾਬ ਮੋਟਰ ਸਟੋਰਜ਼ ਚਾਲੀਸ ਗਾਉਂ | 50 |

## ਸਹਾਇਤਾ—ਸੂਰਾ ਪ੍ਰੈਸ

| | |
|---|---|
| ਇਕ ਗੁਰਮੁਖ ਪਿਆਰਾ | 50 |
| ਸ: ਵਿਸਾਖਾ ਸਿੰਘ ਜੀ (ਲਾਈਫ ਮੈਂਬਰ) ਜਮਨਾ ਨਗਰ | 50 |
| ਸ: ਸੋਹਨ ਲਾਲ ਸਿੰਘ ਬਨਾਰਸ | 16 |

## ਪਿਆਰੇ ਨੂੰ ਸ਼ਰਧਾਂਜਲੀ

ਗੁਰਪੁਰਵਾਸੀ ਭਾਈ ਸਾਹਿਬ ਸੰਤ ਪਾਲ ਸਿੰਘ ਜੀ ਚਾਲੀਸ ਗਾਉਂ ਵਾਲਿਆਂ ਦੀ ਸਾਲਾਨਾ ਯਾਦ ਹਿਤ ਉਹਨਾਂ ਦੇ ਗੁਰਮੁਖ ਪ੍ਰਵਾਰ (ਨਿਊ ਪੰਜਾਬ ਮੋਟਰ ਸਟੋਰਜ਼) ਵਲੋਂ 50 ਦਮੜੇ 'ਸੂਰਾ' ਦੀ ਸੇਵਾ ਲਈ ਆਏ ਹਨ। ਅਸੀਂ ਇਸ ਪ੍ਰਵਾਰ ਦੇ ਅਤੀ ਧੰਨਵਾਦੀ ਹਾਂ ਜਿਨ੍ਹਾਂ ਨੇ ਗੁਰਮੁਖ ਪ੍ਰੇਮੀ ਦੇ ਮਿਸ਼ਨ ਨੂੰ ਯਾਦ ਰਖਿਆ ਹੈ।

ਸਾਡੀ ਅਰਦਾਸ ਹੈ ਸਤਿਗੁਰੂ ਪਿਆਰਾ ਇਸ ਗੁਰਮੁਖ ਪ੍ਰਵਾਰ ਨੂੰ ਅਜੇਹੇ ਉਦਮ ਬਖ਼ਸ਼ਦਾ ਰਹੇ, ਅਤੇ ਉਸ ਪਿਆਰੇ ਨੂੰ ਆਪਣੇ ਚਰਨਾਂ ਨਾਲ ਜੋੜੀ ਰਖੇ। (ਸੰਪਾਦਕ)

## 'ਸੂਰਾ' ਦਾ ਸਾਲਾਨਾ ਚੰਦਾ

ਦੇਸ—7 ਰੁਪਏ — ਪ੍ਰਦੇਸ—12 ਰੁਪੈ ਸਮੁੰਦਰੀ ਡਾਕ

ਪ੍ਰਦੇਸ—36 ਰੁਪਏ ਹਵਾਈ ਡਾਕ — ਲਾਈਫ ਮੈਂਬਰ—250 ਰੁਪਏ

ਪ੍ਰਤੀ ਕਾਪੀ 70 ਪੈਸੇ

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥




# ਗੁਰਮਤਿ ਪਰਚਾਰਕ ਮਾਸਕ ਪੱਤਰ

'ਸੂਰਾ' ਪਟਿਆਲਾ ਵਿਦਿਆ ਵਿਭਾਗ ਪੰਜਾਬ ਵਲੋਂ ਕਾਲਜਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਲਈ
ਚਿਠੀ ਨੰ: 3/70-68-4-(ਅ.ਪ.) ਮਿਤੀ 17-10-68 ਨੂੰ ਪ੍ਰਵਾਨ ਕੀਤਾ ਗਿਆ।

ਜਿਲਦ ਨੰ: ੪ ] ਮਘਰ-ਪੋਹ ੫੦੦ ਨਾਨਕ ਸ਼ਾਹੀ [ ਅੰਕ ੧੦

ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ ॥
ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ ॥
ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਵਾਮੀ ਲਾਹੁ ॥
ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ ॥
ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ ॥
ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ ॥
ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ ॥
ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ ॥
ਪੋਖੁ ਸੋੁਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ ॥
(ਬਾਰਹਮਾਹ ਮਾਝ ਮ: ੫ ਘਰੁ ੪)


ਮੁਖ ਸੰਪਾਦਕ :
ਪਿਆਰਾ ਸਿੰਘ

## ਗੁਰੂ ਨਾਨਕ ਅੰਕ—ਦਸੰਬਰ ੧੯੬੯

ਆਨਰੇਰੀ ਸੰਪਾਦਕ :
ਮਨੋਹਰ ਸਿੰਘ

ਸੂਰਾ ਪ੍ਰਿੰਟਿੰਗ ਪ੍ਰੈਸ, ਰਾਘੋ ਮਾਜਰਾ, ਪਟਿਆਲਾ ਤੋਂ ਅਖੰਡ ਕੀਰਤਨੀ ਜਥਾ, ਪਟਿਆਲਾ ਲਈ ਮਨੋਹਰ ਸਿੰਘ ਐਡੀਟਰ, ਪ੍ਰਿੰਟਰ ਤੇ ਪਬਲਿਸ਼ਰ ਨੇ ਛਪਵਾ ਕੇ ਦਫਤਰ "ਸੂਰਾ" ਰਾਘੋਮਾਜਰਾ, ਪਟਿਆਲਾ ਤੋਂ 5 ਦਸੰਬਰ 1969 ਨੂੰ ਪ੍ਰਕਾਸ਼ਤ ਕੀਤਾ।

www.AKJ.Org




# ਰਹਿਤ ਅਤੇ ਜਨੇਊ

ਸਿਖ ਇਤਿਹਾਸ ਦੀ ਰੌਸ਼ਨੀ ਵਿਚ ਇਹ ਗੱਲ ਆਮ ਪ੍ਰਚੱਲਤ ਹੈ ਕਿ ਗੁਰੂ ਨਾਨਕ ਦੇਵ ਜੀ ਜਦੋਂ ਨੌ ਸਾਲ ਦੇ ਹੋਏ ਤਾਂ ਖੱਤਰੀ ਕੁਲ ਦੀ ਰੀਤ ਅਨੁਸਾਰ ਆਪ ਜੀ ਨੂੰ ਜਨੇਊ ਪਹਿਨਾਉਣ ਲਈ ਹਰਦਿਆਲ ਪੰਡਤ ਨੂੰ ਬੁਲਾਇਆ ਗਿਆ। ਸਾਰੇ ਰਿਸ਼ਤੇਦਾਰਾਂ ਦੀ ਹਾਜ਼ਰੀ ਵਿਚ ਗੁਰੂ ਜੀ ਚੌਕੀ ਤੇ ਬੈਠ ਗਏ। ਜਦੋਂ ਵੇਦਿਕ ਮੰਤਰ ਪੜ੍ਹ ਕੇ ਤੇ ਜਨੇਊ ਤਿਆਰ ਕਰਕੇ ਪੰਡਤ ਜੀ ਜਨੇਊ ਪਹਿਨਾਉਣ ਲਗੇ ਤਾਂ ਗੁਰੂ ਜੀ ਸੱਚੇ ਜਨੇਊ ਦੇ ਇਹ ਗੁਣ ਦਸੇ–

ਦਇਆ ਕਪਾਹ, ਸੰਤੋਖੁ ਸੂਤੁ,  
ਜਤੁ ਗੰਢੀ ਸਤੁ ਵਟੁ ॥  
ਏਹੁ ਜਨੇਊ ਜੀਅ ਕਾ,  
ਹਈ ਤਾ ਪਾਡੇ ਘਤੁ ॥

ਗੁਰੂ ਜੀ ਨੇ ਜਨੇਊ ਪਾਉਣ ਤੋਂ ਇਨਕਾਰ ਨਹੀਂ ਕੀਤਾ। ਸਗੋਂ ਕਿਹਾ ਕਿ ਮੇਰੇ ਉਹ ਜਨੇਊ ਪਾਉ ਜਿਸ ਵਿਚ ਦਇਆ (ਦੂਜਿਆਂ ਤੇ ਤਰਸ ਕਰਨਾ) ਦੀ ਕਪਾਹ ਹੋਵੇ, ਸੰਤੋਖ (ਸਬਰ ਕਰਨਾ) ਦਾ ਸੂਤ ਲਗਾ ਹੋਵੇ, ਜਤ (ਉਚਾ ਆਚਰਣ) ਦੀ ਗੰਢ ਹੋਵੇ ਤੇ ਸਤ (ਸਚਾਈ) ਦਾ ਵਟ ਹੋਵੇ।

ਗੁਰੂ ਜੀ ਨੇ ਕਿਹਾ ਕਿ ਜਨੇਊ ਪਾਉਣ ਨਾਲ ਜੇ ਮੇਰੇ ਜੀਵਨ ਵਿਚ ਦਇਆ, ਸੰਤੋਖ, ਉਚਾ ਆਚਰਣ, ਤੇ ਸਚਾਈ ਵਰਗੇ ਗੁਣ ਆ ਜਾਣ, ਤਾਂ ਮੈਂ ਜਨੇਊ ਪਾਉਣ ਲਈ ਤਿਆਰ ਹਾਂ। ਉਹਨਾਂ ਸਪਸ਼ਟ ਕਿਹਾ (ਹਈ ਤਾਂ ਪਾਂਡੇ ਘਤ) ਜੇ ਗੁਣਾ ਰੂਪੀ ਜਨੇਊ ਹੈ ਤਾਂ ਪੰਡਤ ਜੀ ਪਾ ਦਿਉ।

ਗੁਰੂ ਨਾਨਕ ਦੇਵ ਜੀ ਨੇ ਜਨੇਊ ਦੇ ਧਾਰਮਕ ਚਿਨ੍ਹ ਨੂੰ ਨਿੰਦਿਆ ਨਹੀਂ, ਸਗੋਂ ਸਾਨੂੰ ਪਰੇਰਨਾ ਦਿਤੀ ਕਿ ਇਹ ਧਾਰਮਕ ਚਿਨ੍ਹ ਪਾਉਣਾ ਤਾਂ ਹੀ ਠੀਕ ਤੇ ਸਫਲ ਹੈ ਜੇ ਉਪਰੋਕਤ ਗੁਣਾਂ ਨੂੰ ਅਮਲੀ ਜੀਵਨ ਵਿਚ ਲਿਆ ਸਕੇ।

ਗੁਰੂ ਨਾਨਕ ਦੇਵ ਜੀ ਦੀ ਇਹ ਪਰੇਰਨਾ ਕੇਵਲ ਜਨੇਊ ਪਾਉਣ ਵਾਲਿਆਂ ਵਾਸਤੇ ਨਹੀਂ, ਸਗੋਂ ਰਹਿਤਵਾਨ ਸਿਖਾਂ ਵਾਸਤੇ ਵੀ ਹੈ।

ਜੇ ਪੰਜ ਕਕਾਰ ਰਖਕੇ ਅਸੀਂ ਆਲੇ ਦੁਆਲੇ ਦੇ ਸਾਥੀਆਂ ਉਤੇ ਦਇਆ ਤੇ ਤਰਸ ਨਹੀਂ ਕਰ ਸਕਦੇ। ਖਾਣ-ਪੀਣ, ਹਸਣ-ਖੇਡਣ ਤੇ ਹੋਰ ਕਰਮਾਂ ਵਿਚ ਸਬਰ ਵਾਲੇ ਨਹੀਂ ਬਣ ਸਕਦੇ। ਸਰੀਰ ਨੂੰ 'ਏਕਾ ਨਾਰੀ ਪਰ ਜਤੀ' ਦੀ ਗੰਢ ਨਹੀਂ ਦੇ ਸਕਦੇ, ਸਚਾਈ ਨੂੰ ਜੀਵਨ ਦੇ ਹਰ ਅਮਲ ਵਿਚ ਨਹੀਂ ਲਿਆ ਸਕਦੇ ਤਾਂ ਸਾਡੀ ਰਹਿਤ (ਕੇਸਕੀ, ਕਛ, ਕੜਾ, ਕੰਘਾ, ਕਿਰਪਾਨ) ਉਨੀ ਹੀ ਘਟੀਆ ਤੇ ਬੇਲੋੜੀ ਹੈ ਜਿਨੀ ਕਿ ਜਨੇਊ। ਗੁਰੂ ਨਾਨਕ ਦੇਵ ਜੀ ਸਾਨੂੰ ਵੀ ਦਸਵੇਂ ਜਾਮੇ ਵਿਚ ਇਹੋ ਕਹਿ ਰਹੇ ਹਨ ਕਿ ਬਾਹਰਲੀ ਰਹਿਤ ਅੰਦਰਲੇ ਗੁਣਾਂ ਲਈ ਹੈ।

ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਦੇ ਪ੍ਰੇਮੀਆਂ ਨੂੰ ਸੱਚੇ ਜਨੇਊ ਤੇ ਸੱਚੀ ਰਹਿਤ ਦੇ ਅਸਲੀ ਗੁਣਾਂ ਲਈ ਧਾਰਨ ਕਰਨਾ ਹੀ ਸ਼ੋਭਦਾ ਹੈ।



www.AKJ.Org

# ਅਲੌਕਿਕ ਸਮਾਗਮ ਹੈਵੀ ਇਲੈਕਟ੍ਰੀਕਲਜ਼ ਭੁਪਾਲ

ਦਸਮ ਪਾਤਸ਼ਾਹ ਜੀ ਦੀ ਅਪਾਰ ਬਖ਼ਸ਼ਿਸ਼ ਸਦਕਾ ਮਿਤੀ 23, 24, 25 ਤੇ 26 ਜਨਵਰੀ 1970 ਨੂੰ **ਹੈਵੀ ਇਲੈਕਟਰੀਕਲਜ਼ ਭੁਪਾਲ ਵਿਖੇ ਅਖੰਡ ਕੀਰਤਨੀ ਸਮਾਗਮ** ਹੋ ਰਿਹਾ ਹੈ। ਇਸ ਸਮੇਂ ਦੇਸ਼ ਦੇ ਕੋਨੇ ਕੋਨੇ ਤੋਂ ਸ੍ਰੀਮਾਨ ਗੁਰਪੁਰਵਾਸੀ ਗੁਰਮੁਖ ਪਿਆਰੇ ਭਾ: ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸੰਮੂਹ ਕੀਰਤਨੀ ਜਥੇ ਦਰਸ਼ਨ ਦੇਣਗੇ। ਬੰਬਈ, ਗਵਾਲੀਅਰ ਤੇ ਨਾਸਿਕ ਆਦਿ ਤੋਂ ਜਥਿਆਂ ਦੀ ਪ੍ਰਵਾਨਗੀ ਆ ਚੁਕੀ ਹੈ। ਕੀਰਤਨੀਏ ਸਿੰਘ ਸ੍ਰੀਮਾਨ ਭਾਈ ਜੀਵਨ ਸਿੰਘ ਜੀ ਲੁਧਿਆਣੇ ਵਾਲੇ ਵੀ ਦਰਸ਼ਨ ਦੇਣਗੇ। ਪੂਰੀ ਆਸ ਹੈ ਕਿ ਦਿਲੀ, ਚੰਡੀਗੜ੍ਹ, ਪਟਿਆਲਾ ਆਦਿ ਤੋਂ ਵੀ ਜਥੇ ਪੁਜਣਗੇ। ਦਾਸਰੇ ਖ਼ਾਸਕਰ ਰਾਜਸਥਾਨ, ਆਗਰਾ ਆਦਿ ਥਾਵਾਂ ਦੇ ਸਿੰਘਾਂ ਨੂੰ ਦੋਇ ਕਰ ਜੋੜ ਬੇਨਤੀਆਂ ਕਰਦੇ ਹਨ ਕਿ ਆਪ ਸਭ ਦੇ ਐਡਰੈਸ ਨਾ ਹੋਣ ਕਰਕੇ ਆਪ ਜੀ ਤਕ ਅਸੀਂ ਉਚੇਚੇ ਸੱਦੇ ਪੱਤਰ ਨਹੀਂ ਭੇਜ ਸਕੇ, ਸੋ ਆਪ ਜੀ ਜ਼ਰੂਰ ਦਰਸ਼ਨ ਦੇ ਕੇ ਨਿਵਾਜੋ ਜੀ।

## * ਕੀਰਤਨ ਪ੍ਰੋਗਰਾਮ *

ਗੁਰਦੁਆਰਾ ਗੁਰੂ ਨਾਨਕ ਦਰਬਾਰ (ਹੈਵੀ ਇਲੈਕਟ੍ਰੀਕਲਜ਼)

23.1.70 ਸ਼ੁਕਰਵਾਰ ਅੰਮ੍ਰਿਤ ਵੇਲੇ ਕੀਰਤਨ ਉਪਰੰਤ ਪ੍ਰਾਰੰਭ ਸ੍ਰੀ ਅਖੰਡ ਪਾਠ ਸਾਹਿਬ।

ਗੁਰਦੁਆਰਾ ਟੇਕਰੀ ਸਾਹਿਬ ਭੁਪਾਲ (ਇਤਿਹਾਸਕ ਅਸਥਾਨ ਪਾਤਸ਼ਾਹੀ ੧)

23.1.70 ਸ਼ਾਮ 7 ਤੋਂ ਰਾਤ 10 ਵਜੇ ਤਕ।

ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਟੀ. ਟੀ. ਨਗਰ ਭੁਪਾਲ

24.1.70 ਸ਼ਨਿਚਰਵਾਰ ਅੰਮ੍ਰਿਤ ਵੇਲੇ 4 ਵਜੇ ਤੋਂ 7 ਵਜੇ ਤਕ ਕੀਰਤਨ ਸ੍ਰੀ ਆਸਾ ਜੀ ਦੀ ਵਾਰ

ਗੁਰਦੁਆਰਾ ਸ੍ਰੀ ਨਾਨਕਸਰ ਸਾਹਿਬ ਭੁਪਾਲ

24.1.70 ਸ਼ਨਿਚਰਵਾਰ ਰਾਤ ਨੂੰ 7 ਤੋਂ 1 ਵਜੇ ਤਕ ਕੀਰਤਨ।

ਗੁਰਦੁਆਰਾ ਗੁਰੂ ਨਾਨਕ ਦਰਬਾਰ ਹੈਵੀ ਇਲੈਕਟ੍ਰੀਕਲਜ਼

25.1.70 ਐਤਵਾਰ ਅੰਮ੍ਰਿਤ ਵੇਲੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਕੀਰਤਨ ਸ੍ਰੀ ਆਸਾ ਜੀ ਦੀ ਵਾਰ ਚਲ ਸੋ ਚਲ। ਸ਼ਾਮ ਨੂੰ 5 ਵਜੇ ਤੋਂ ਅੰਮ੍ਰਿਤ ਸੰਚਾਰ ਸਮਾਗਮ ਹੋਵੇਗਾ।

ਸ਼ਾਮ 8 ਵਜੇ ਤੋਂ ਸਵੇਰੇ 8 ਵਜੇ ਤਕ ਕੀਰਤਨ ਰੈਣ ਸਬਾਈ ਹੋਵੇਗਾ।

ਨੋਟ:—ਸਰਬੱਤ ਸੰਗਤ ਦੇ ਉਤਾਰੇ ਦਾ ਪ੍ਰਬੰਧ ਗੁਰਦੁਆਰਾ ਗੁਰੂ ਨਾਨਕ ਦਰਬਾਰ ਹੈਵੀ ਇਲੈਕਟ੍ਰੀਕਲਜ਼ ਭੁਪਾਲ ਵਿਖੇ ਹੋਵੇਗਾ। ਬਾਹਰੋਂ ਆਉਣ ਵਾਲੇ ਸਿੰਘ ਲੋੜ ਅਨੁਸਾਰ ਬਿਸਤਰੇ ਨਾਲ ਲਈ ਆਉਣ।

ਚਿੱਠੀ ਪੱਤਰ—
ਦਾਸ—ਸਤਵੰਤ ਸਿੰਘ
442/N2/C/GPC/HEL ਭੁਪਾਲ

ਦਾਸਰੇ—
ਅਖੰਡ ਕੀਰਤਨੀ ਜਥਾ,
ਹੈਵੀ ਇਲੈਕਟ੍ਰੀਕਲਜ਼, ਭੁਪਾਲ


# ਗੁਰੂ ਨਾਨਕ ੫੦੦ ਸਾਲਾ ਪ੍ਰਕਾਸ਼ ਉਤਸ਼ਵ ਦੀ

## ਸੂਰਾ ਸਟਾਫ ਵਲੋਂ ਸੂਬਤ ਗੁਰੂ ਪਿਆਰਿਆਂ ਨੂੰ ਲਖ ਲਖ ਵਧਾਈ ਹੋਵੇ।


www.AKJ.Org

# ਧੰਨ ਗੁਰੂ ਨਾਨਕ ਜੀ ਦੀ ਪੰਜਵੀਂ ਸ਼ਤਾਬਦੀ ਸੈਲੀਬਰੇਸ਼ਨ (ਸ੍ਰੀ ਗੁ: ਸਿੰਘ ਸਭਾ ਝਾਂਸੀ) ਸਮੇਂ ਸਾਂਈ ਦੀ ਬਖਸ਼ਸ਼ ਦੇ ਛਟੇ !

ਇਸ ਸਮਾਗਮ ਦੀ ਖੁਸ਼ੀ ਵਿਚ ਦਾਸ ਨੂੰ ਬੁਲਾਇਆ ਗਿਆ। ਦਾਸ ਨੇ ੪ ਗੁਰਮਤ ਸੰਗੀਤ ਕਲਾਸਾਂ ਵਿਚ ੬੪ ਵਿਦਿਆਰਥੀ (ਮਾਈ ਭਾਈ) ਦਾਖਲ ਕਰ ੪੨ ਦਿਨਾਂ ਵਿਚ ੬੦ ਦਿਨਾਂ ਦਾ ਪਰੋਗਰਾਮ (੬ ਛੰਤ, ਸਲੋਕ ਪਉੜੀਆਂ ਤੇ ਪੰਜ ਸ਼ਬਦ ਆਸਾ ਰਾਗ ਦੇ ਆਸਾ ਰਾਗ ਵਿਚ) ਸੰਪੂਰਨ ਕੀਤਾ। ਇਸ ਕਾਮਯਾਬੀ ਦਾ ਸਿਹਰਾ ਵਿਦਿਆਥੀਆਂ ਦੇ ਅਭਿਆਸ ਤੇ ਸ਼ਰਧਾ ਜੋ ਸ: ਜੀਵਨ ਸਿੰਘ ਜੀ ਸਕੱਤ੍ਰ ਸ੍ਰੀ ਗੁ: ਸਿੰਘ ਸਭਾ ਝਾਂਸੀ ਤੇ ਉਹਨਾਂ ਦੀ ਸੁਭਾਗ ਸੁਪਤਨੀ ਸ੍ਰੀਮਤੀ ਹਰਬੰਸ ਕੌਰ ਜੀ ਨੇ ਪੈਦਾ ਕੀਤੀ, ਦੇ ਸਿਰ ਹੈ।

ਇਥੇ ਹੀ ਮੇਰੀ ਸੁਪਤਨੀ ਸ੍ਰੀਮਤੀ ਅਨੰਦ ਕੌਰ ਜੀ ਗਿਆਨੀ ਨੇ ਗੁਰਮੁਖੀ ਪਾਠਸ਼ਾਲਾ ਚਲਾਈ। ਜਿਸ ਵਿਚ ੧੫ ਤੋਂ ਵਧ ਕੇ ਦਾਖਲਾ ੯੮ ਤਕ ਪੁਜ ਗਿਆ। ਇਹ ਬਚੇ ਲੋਕਲ ਸਕੂਲਾਂ ਦੇ ਸਨ। ਦਾਸ ਨੇ ਵਿਦਾਇਗੀ ਸਮੇਂ ਅਪੀਲ ਕੀਤੀ ਕਿ ਪੰਜਾਬੀ ਕਲਾਸ ਜਾਰੀ ਰਖ ਕੇ ਸਚੇ ਤੇ ਸੁਚੇ ਤਰੀਕੇ ਦੀ ਭੇਟ ਧੰਨ ਗੁਰੂ ਨਾਨਕ ਜੀ ਦੀ ਦਰਗਾਹ ਵਿਚ ਪੇਸ਼ ਕੀਤੀ ਜਾਵੇ। ਸ: ਜੀਵਨ ਸਿੰਘ ਜੀ, ਸ: ਕਿਸ਼ਨ ਸਿੰਘ ਜੀ, ਸ: ਗੁਰਚਰਨ ਸਿੰਘ ਜੀ ਨੇ ਇਸ ਕਲਾਸ ਦੀ ਕਾਇਮੀ ਲਈ ਆਪਣੇ ਖਰਚ ਤੇ ਭੀ ਚਲਾਏ ਰਖਣ ਲਈ ਯਕੀਨ ਦਿਲਾਇਆ। ਬੜੀ ਖੁਸ਼ੀ ਦੀ ਗਲ ਹੈ ਕਿ ਪੰਜਵੀਂ ਸ਼ਤਾਬਦੀ ਸਮੇਂ ਧੰਨ ਗੁਰੂ ਨਾਨਕ ਜੀ ਦੀ ਭੇਟ ਸ੍ਰੀ ਗੁਰੂ ਸਿੰਘ ਸਭਾ ਨੇ ਇਕ ਲਾਇਬ੍ਰੇਰੀ ਤੇ ਉਪਰੋਕਤ ਕਲਾਸ ਦਾ ਪ੍ਰਬੰਧ ਆਪਣੇ ਜ਼ਿਮੇਂ ਲੈਣ ਦਾ ਫੈਸਲਾ ਕਰ ਦਿਤਾ। ਪਰ ਧੰਨ ਸਿਖੀ, ਇਸੇ ਹੀ ਸਮੇਂ ਸ: ਬਸੰਤ ਸਿੰਘ ਜੀ (ਸ: ਬਸੰਤ ਸਿੰਘ ਜਵਾਹਰ ਸਿੰਘ ਝਾਂਸੀ ਵਾਲਿਆਂ) ਨੇ ਇਕ ਸਾਲ ਪੰਜਾਬੀ ਕਲਾਸ ਦਾ ਸਾਰਾ ਖਰਚ ਕਰਨ ਲਈ ਸ: ਜੀਵਨ ਸਿੰਘ ਸਕੱਤਰ ਰਾਹੀਂ ਸ੍ਰੀ ਗੁਰੂ ਸਿੰਘ ਸਭਾ ਨੂੰ ਪੇਸ਼ ਕੀਤਾ ਜੋ ਧੰਨਵਾਦ ਸਹਿਤ ਪਰਵਾਨ ਹੋ ਗਿਆ। ਇਸ ਉਦਾਰਚਿਤ ਸਜਨ ਨੇ ਗੁਰੂ ਜੀ ਦੀ ਪੰਜ ਸੌ ਸਾਲਾ ਪ੍ਰਕਾਸ਼ ਉਤਸ਼ਵ ਦੀ ਖੁਸ਼ੀ ਸਮੇਂ (ਸਾਰਾ ਸਾਲ ਹਰ ਮਹੀਨੇ ਇਕ ਅਖੰਡ ਪਾਠ ਕਰਾਇਆ) ਆਪਣੇ ਤੇਰਵੇਂ ਅਖੰਡ ਪਾਠ ਦੇ ਭੋਗ ਦੇ ਸਮੇਂ ਡੇਢ ਮਣ ਖੀਰ ਨਾਲ ਸੰਗਤਾਂ ਦੀ ਸੇਵਾ ਕੀਤੀ। ਝਾਂਸੀ ਵਿਖੇ ਸ਼ਰਧਾ ਠਾਠਾਂ ਮਾਰ ਰਹੀ ਹੈ। 'ਭਾਵਨੀ ਭਗਤ ਭਾਇ ਕਉਡੀ ਅਗਰ ਭਾਗ ਰਾਖੈ, ਤਾਹਿ ਗੁਰੂ ਸਰਬ ਨਿਧਾਨ ਦਾਨ ਦੇਤ ਹੈ।' ਸ: ਗੁਰਚਰਨ ਸਿੰਘ ਜੀ ਨੂੰ ਤਾਂ ਦਾਤੇ ਭੁਜੰਗੀ ਦੀ ਦਾਤ ਦੇ ਕੇ ਨਿਵਾਜਿਆ ਹੈ। ਵਧਾਈ ! ਬਾਕੀ ਸਭ ਸ਼ਰਧਾਲੂ ਭੀ ਆਪਣੀਆਂ ਝੋਲੀਆਂ ਅੱਡੀ ਰਖਣ। ਗੁਰ ਨਾਨਕ ਤੁਠਾ ਹਰ ਪਰਕਾਰ ਦੀ ਬਖ਼ਸ਼ਸ਼ ਕਰੇਗਾ।

ਦਾਸ—ਨਿਹਾਲ ਸਿੰਘ ਇੰਨਚਾਰਜ ਸੰਗੀਤ ਸੈਂਟਰਸ ਲੋਕਲ ਕਮੇਟੀ ਚੀਫ਼ ਖਾਲਸਾ ਦੀਵਾਨ ਬੰਬੇ ਕੈਂਪ,
1539/3 ਰਾਘੋਮਾਜਰਾ, ਪਟਿਆਲਾ।

---

**ਰਿਸ਼ਤੇ ਨਾਤੇ**—ਇਕ ਤਿਆਰ ਬਰ ਤਿਆਰ ਅੰਮ੍ਰਿਤਧਾਰੀ ਸਿੰਘ ਲਈ ਇਕ ਤਿਆਰ ਬਰ ਤਿਆਰ ਸਿੰਘਣੀ ਦੀ ਲੋੜ ਹੈ। ਸਿੰਘ ਈ.ਐਮ.ਈ. ਵਿਚ ਨੌਕਰੀ ਕਰਦਾ ਹੈ। ਤਨਖ਼ਾਹ 200 ਰੁਪੈ ਮਹੀਨਾ, ਉਮਰ 22 ਸਾਲ ਹੈ, ਦਾਜ ਦੀ ਕੋਈ ਲੋੜ ਨਹੀਂ।

ਗਲਬਾਤ/ਚਿੱਠੀ ਪੱਤਰ ਇਸ ਪਤੇ ਤੇ ਕੀਤਾ ਜਾਵੇ।

ਸਿਪਾਹੀ ਪਾਖਰ ਸਿੰਘ, ਨੰਬਰ 406, ਪੁਲੀਸ ਡਵੀਜ਼ਨ ਨੰ: 2, ਲੁਧਿਆਣਾ

## ਸ਼ੁਭ ਅਨੰਦ ਕਾਰਜ ਦੀ ਵਧਾਈ !

ਸ: ਬਲਦੇਵ ਸਿੰਘ ਜੀ ਜਗੀ ਕਪੂਰਥਲਾ ਆਪਣੀ ਭੈਣ ਬੀਬੀ ਸ਼ਰਨ ਕੌਰ ਦੇ ਸ਼ੁਭ ਅਨੰਦ ਕਾਰਜ ਦੀ ਖੁਸ਼ੀ ਵਿਚ ਗਿਆਰਾਂ ਦਮੜੇ 'ਸੂਰਾ' ਨੂੰ ਭੇਜਦੇ ਹਨ। ਖ਼ੁਸ਼ੀਆਂ !


www.AKJ.Org

# ਮੰਨੇ ਦੀਆਂ ਪਉੜੀਆਂ ਦੀ ਵਿਆਖਿਆ

(ਵਲੋਂ–ਗੁਰਪੁਰਵਾਸੀ ਭਾ: ਸਾਹਿਬ ਭਾਈ ਰਣਧੀਰ ਸਿੰਘ ਜੀ)

ਮੰਨੇ ਕੀ ਗਤਿ ਕਹੀ ਨ ਜਾਇ ॥
ਜੇ ਕੋ ਕਹੈ ਪਿਛੈ ਪਛਤਾਇ ॥
ਕਾਗਦਿ ਕਲਮ ਨ ਲਿਖਣ ਹਾਰੁ ॥
ਮੰਨੇ ਕਾ ਬਹਿ ਕਰਨਿ ਵੀਚਾਰੁ ॥
ਐਸਾ ਨਾਮੁ ਨਿਰੰਜਨੁ ਹੋਇ ॥
ਜੇ ਕੋ ਮੰਨਿ ਜਾਣੈ ਮਨਿ ਕੋਇ ॥੧੨॥

ਵਿਆਖਿਆ—ਗੁਰੂ ਦੁਆਰਾ ਗੁਰਦੀਖਿਆ ਗੁਰੂ ਮੰਤ੍ਰ ਲੈ ਕੇ ਜਿਨ੍ਹਾਂ ਨੇ ਨਾਮ ਨੂੰ ਸੁਣ ਕੇ ਮੰਨਿਆ ਹੈ, ਤਿਨਾਂ ਗੁਰਮੁਖਾਂ ਦੇ ਸੁਣ ਕੇ ਨਾਮ ਨੂੰ ਮੰਨਣ ਦੀ ਗਹਿਣ ਗਤਿ ਕਹੀ ਨਹੀਂ ਜਾ ਸਕਦੀ :—

ਜਿਨ ਗੁਰਮੁਖ ਸੁਣਿ ਹਰਿ ਮੰਨਿਆ
ਜਨ ਨਾਨਕ ਤਿਨ ਜੈਕਾਰੁ ॥
(ਕਾਨੜੇ ਕੀ ਵਾਰ ਮ: ੪)

ਜਿਨੀ ਸੁਣਿ ਮੰਨਿਆ ਹਰਿ ਨਾਉ ਤਿਨਾ ਹਉ ਵਾਰਿਆ।
(ਵਾਰ ਸੋਰਠ ਮ: ੪)

ਗੁਰ ਰਸਨਾ ਅੰਮ੍ਰਿਤ ਬੋਲਦੀ ਹਰਿ ਨਾਮਿ ਸੁਹਾਵੀ ॥
ਜਿਨ ਸੁਣਿ ਸਿਖਾ ਗੁਰੁ ਮੰਨਿਆ ਤਿਨਾ ਭੁਖ ਸਭ ਜਾਵੀ ॥੧੮॥ (ਤਿਲੰਗ ਮ: ੧ ਘਰ ੨)

ਸੁਣਿ ਸੁਣਿ ਬੂਝੈ ਮਾਨੈ ਨਾਉ ॥
ਤਾਕੈ ਸਦ ਬਲਿਹਾਰੈ ਜਾਉ ॥
(ਗਉੜੀ ਮਹਲਾ ੧ ਦਖਣੀ)

ਸੁਣਿ ਗੁਰਮੁਖਿ ਸੁਣਿ ਗੁਰਮੁਖਿ ਨਾਮਿ ॥
ਸਭਿ ਬਿਨਸੇ ਹਉਮੈ ਪਾਪਾ ਰਾਮ ॥
ਜਪਿ ਹਰਿ ਹਰਿ ਜਪਿ ਹਰਿ ਹਰਿ ਨਾਮੁ ॥
ਲਥਿਅੜੇ ਜਗਿ ਤਾਪਾ ਰਾਮ ॥
(ਵਡਹੰਸ ਮਹਲਾ ੪)

ਹਿਰਦੈ ਸੁਣਿ ਸੁਣਿ ਮਨਿ ਅੰਮ੍ਰਿਤ ਭਾਇਆ ॥
ਗੁਰਬਾਣੀ ਹਰਿ ਅਲਖੁ ਲਖਾਇਆ ॥
(ਆਸਾ ਮਹਲਾ ੪)

ਸੁਣ ਕੇ ਨਾਮ ਨੂੰ ਮੰਨਣ ਦੀ ਗਤਿ ਮਿਤ ਵਡਿਆਈ ਇਸ ਅਗਲੇਰੇ ਗੁਰਵਾਕ ਤੋਂ ਕੈਸੀ ਰੋਸ਼ਨ ਹੁੰਦੀ ਹੈ :—

ਜਿਨੀ ਸੁਣਿ ਕੈ ਮੰਨਿਆ ਤਿਨਾ ਨਿਜ ਘਰਿ ਵਾਸੁ ॥
ਗੁਰਮਤੀ ਸਾਲਾਹਿ ਸਚੁ ਹਰਿ ਪਾਇਆ ਗੁਣਤਾਸੁ ॥
ਸਬਦਿ ਰਤੇ ਸੇ ਨਿਰਮਲੇ ਹਉ ਸਦ ਬਲਹਾਰੈ ਜਾਸੁ ॥
ਹਿਰਦੈ ਜਿਨ ਕੈ ਹਰਿ ਵਸੈ ਤਿਤੁ ਘਟਿ ਹੈ ਪਰਗਾਸੁ ॥੮॥

ਜਿਨਿ ਸਬਦਿ ਗੁਰੂ ਸੁਣਿ ਮੰਨਿਆ
ਤਿਨ ਮਨਿ ਧਿਆਇਆ ਹਰਿ ਸੋਇ ।
ਅਨੁਦਿਨ ਭਗਤੀ ਰਤਿਆ ਤਨੁ ਮਨੁ ਨਿਰਮਲੁ ਹੋਇ ॥
ਜਿਸੁ ਅੰਦਰਿ ਨਾਮੁ ਪ੍ਰਗਾਸੁ ਹੈ ਉਹ ਸਦਾ ਸਦਾ ਥਿਰੁ ਹੋਇ ॥ ੪ ॥ ੪ ॥ ੩੭ ॥
(ਸਿਰੀ ਰਾਗ ਮਹਲਾ ੩)


www.AKJ.Org

ਸੁਣਕੇ ਨਾਮ ਮੰਨਣ ਦੀ ਗਤਿ ਮਿਤ ਮਹਿਮਾ ਜੋ ਇਸ ਗੁਰਵਾਕ ਅੰਦਰ ਵਿਦਮਾਨ ਹੈ, ਓਹ ਹੋਰ ਕਿਸੇ ਤੋਂ ਤਾਂ ਕਦੇ ਭੀ ਕਹੀ ਨਹੀਂ ਜਾ ਸਕਦੀ, ਏਹ ਗੁਰੂ ਸਾਹਿਬ ਨੂੰ ਹੀ ਤੌਫ਼ੀਕ ਹੈ ਕਿ ਧੁਰ ਕੀ ਆਈ ਬਾਣੀ ਦੁਆਰਾ 'ਮੰਨੇ ਕੀ ਗਤਿ' ਵਰਨਣ ਕਰ ਸਕਣ, ਹੋਰ ਕਿਸੇ ਨੂੰ ਕੀ ਸਾਰ। ਗੁਰੂ ਸਾਹਿਬ ਇਹ ਉਪਰਲੇ ਗੁਰਵਾਕ ਦੁਆਰਾ ਫ਼ੁਰਮਾਉਂਦੇ ਹਨ, ਕਿ ਜਿਨ੍ਹਾਂ ਨੇ ਗੁਰੂਦੁਆਰਿਓਂ ਗੁਰਮਤਿ ਗੁਰਦੀਖਿਆ ਰਾਹੀਂ ਨਾਮ ਨੂੰ ਸੁਣਿਆ ਮੰਨਿਆ ਹੈ, ਤਿਨ੍ਹਾਂ ਦਾ ਨਿਜ ਘਰ ਸਚੇ ਅਸਲ ਘਰ ਅਕਾਲ ਪੁਰਖ ਦੇ ਸਰੂਪ ਵਿਚ ਵਾਸ ਹੋ ਗਿਆ ਹੈ, ਹੋ ਜਾਂਦਾ ਅਤੇ ਹੋ ਜਾਵੇਗਾ, ਜੋ ਜੋ ਭੀ ਗੁਰਮੁਖ ਜਨ ਉਪਰ ਲਿਖੀ ਬਿਧ ਜੁਗਿਤ ਦੁਆਰਾ ਨਾਮ ਨੂੰ ਸੁਣਕੇ ਮੰਨਣਗੇ ਯਾ ਮੰਨਦੇ ਹਨ। ਇਸ ਤੋਂ ਵਡੀ ਵਡਿਆਈ 'ਮੰਨੇ ਕੀ ਗਤਿ' ਦੀ ਹੋਰ ਕੀ ਹੋ ਸਕਦੀ ਹੈ। ਗੁਰਮਤਿ ਗੁਰਦੀਖਿਆ ਦੁਆਰਾ ਨਾਮ ਨੂੰ ਸੁਣ ਮੰਨਣਹਾਰੇ ਹੀ ਸਚੀ ਸਿਫਤੰ ਸਾਲਾਹ ਵਿਚ ਅਰੂੜ ਹੋ ਸਕਦੇ ਹਨ। 'ਗੁਰਮਤੀ ਸਲਾਹ ਸਚ' ਸਚੀ ਸਿਫਤ ਸਾਲਾਹ ਗੁਰਮਤਿ ਦੁਆਰਾ ਹੀ ਪ੍ਰਾਪਤ ਹੋ ਸਕਦੀ ਹੈ ਅਤੇ ਇਸ ਮੰਨੇ ਦੀ ਪ੍ਰਭਤਾ ਵਾਲੀ ਸਿਫਿਤ ਸਾਲਾਹ ਦੁਆਰਾ ਸਿਫਿਤ ਸਾਲਾਹੀ ਗੁਣੀ ਗੁਣਤਾਸ ਵਾਹਿਗੁਰੂ ਦੀ ਪਰਾਪਤੀ ਹੁੰਦੀ ਹੈ। ਨਾਮ ਦੀ ਸੁਣਿ ਮੰਨਣੀ ਸਰਧਾ-ਬਿਵਸਥਾ ਨੂੰ ਪ੍ਰਾਪਤ ਹੋ ਕੇ ਹੀ ਸ਼ਬਦ ਸੁਰਤਿ ਦੇ ਰੰਗ ਚਲੂਲੇ ਚੜ੍ਹਦੇ ਹਨ, ਤੇ ਗੁਣੀ ਗੁਣਤਾਸ ਵਾਹਿਗੁਰੂ ਘਟ ਅੰਦਰ ਹੀ ਪ੍ਰਗਟ ਹੋ ਜਾਂਦਾ ਹੈ, ਅਤੇ ਘਟ ਰਿਦੇ ਵਿਖੇ ਅਗਾਧ ਅਮਿਤ ਜੋਤ ਪ੍ਰਕਾਸ਼ ਬਾਲਾ ਜੋਤੀ ਸਰੂਪ ਦਾ ਪ੍ਰਗਾਸ ਹੋ ਜਾਂਦਾ ਹੈ। ਇਸ ਜੋਤਿ ਪ੍ਰਤਿ ਬਿੰਬਨੀ ਝਲਕ-ਵਿਗਾਸ ਅੰਦਰਿ ਜਿਨ੍ਹਾਂ ਦੇ ਹਿਰਦੇ ਵਿਖੇ ਨਾਮ ਦਾ ਪ੍ਰਕਾਸ਼ ਹੋ ਜਾਂਦਾ ਹੈ, ਓਹ ਸਦਾ ਸਦਾ ਲਈ ਜੁਗੋ ਜੁਗ ਅਸਥਿਰ ਹੋ ਜਾਂਦੇ ਹਨ, ਐਸੀ ਹੈ 'ਮੰਨੇ ਕੀ ਗਤਿ' ਵਾਲੀ ਮਹਿਮਾ ਅਗਾਧ ਬੋਧ। ਇਸ ਨੂੰ ਕੋਈ ਅਲਪੱਗ ਜੀਵ ਕੀ ਕਥ ਸਕਦਾ ਹੈ? ਜੇ ਕੋਈ ਕੂੜ ਹਮਾਕਤੀ ਅਲਪੱਗ ਜੀਵ ਕਹਿਣ ਕਥਨ ਦੀ ਹਮਾਕਤ ਭਰੀ ਮੂੜ੍ਹਤਾ ਕਰ ਹੀ ਬੈਠਦਾ ਹੈ ਤਾਂ ਪਿਛੋਂ ਪਛਤਾਉਂਦਾ ਹੈ, ਕਿਉਂਕਿ :-

'ਜੇ ਕੋ ਖਾਇਕੁ ਆਖਣਿ ਪਾਇ ॥
ਓਹੁ ਜਾਣੈ ਜੇਤੀਆ ਮੁਹ ਖਾਇ ॥'

ਵਾਲੀ ਦੁਰਦਸ਼ਾ ਉਸ ਦੀ ਹੁੰਦੀ ਹੈ, ਮੰਨ ਕੀ ਗਤਿ ਮਹਿਮਾ ਦਾ ਨਾ ਸਿਰਫ ਕਥਨਹਾਰ ਹੀ ਕੋਈ ਨਹੀਂ ਸਗੋਂ 'ਮੰਨੈ ਕੀ ਗਤਿ' ਦਾ ਲਿਖਣਹਾਰਾ ਭੀ ਕੋਈ ਨਹੀਂ।

'ਕਾਗਦਿ ਕਲਮ ਨ ਲਿਖਣਹਾਰੁ ॥
ਮੰਨੇ ਕਾ ਬਹਿ ਕਰਨ ਵੀਚਾਰੁ ॥

ਜੇ ਵਿਚਾਰਵਾਨ ਬਹਿ ਕੇ ਮੰਨੇ ਕੀ ਮਹਿਮਾ ਦਾ ਵੀਚਾਰ ਕਰਨ ਲਗਣ ਤਾਂ ਨਾ ਕੋਈ ਲਿਖਣਹਾਰ ਤੱਤ ਵਿਚਾਰ ਵਾਲਾ ਲਿਖਾਰੀ ਹੈ, ਨਾ ਤੱਤ ਲੇਖ ਲਿਖਣੀ ਕਲਮ ਜੋ ਕਾਗਦਾਂ (ਕਾਗਦਾਂ ਦੇ ਢੇਰ) ਵਿਚ ਮੰਨੇ ਕੀ ਮਹਿਮਾ ਮਈ ਤੱਤ ਵੀਚਾਰ ਦਾ ਲੇਖਾ ਲਿਖ ਸਕੇ। ਨਾਉਂ ਮੰਨਣ ਦੀ ਗਤਿ ਕਿਵੇਂ ਆਖੀ ਜਾ ਸਕੇ, ਕਿਉਂਕਿ ਗੁਰਵਾਕ ਹੈ :—

ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ ॥ ਭਾਉ ਕਲਮ ਕਰਿ ਚਿਤ ਲਿਖਾਰੀ ਗੁਰਿ ਪੁਛਿ ਲਿਖੁ ਬੀਚਾਰੁ ॥ ਲਿਖੁ ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ ॥੧॥ ਬਾਬਾ ਏਹੁ ਲੇਖਾ ਲਿਖਿ ਜਾਣੁ ॥ ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣ ॥੧॥ਰਹਾਉ॥

www.AKJ.Org

ਜਿਥੈ ਮਿਲਹਿ ਵਡਿਆਈਆ ਸਦ ਖੁਸੀਆ ਸਦ ਚਾਉ ॥ ਤਿਨ ਮੁਖਿ ਟਿਕੇ ਨਿਕਲਹਿ ਜਿਨ ਮਨਿ ਸਚਾ ਨਾਉ ॥ ਕਰਮਿ ਮਿਲੈ ਤਾ ਪਾਈਐ ਨਾਹੀ ਗਲੀ ਵਾਉ ਦੁਆਉ ॥ ੨ ॥ (ਸਿਰੀ ਰਾਗ ਮਾ: ੧)

ਐਸੀ ਮੰਨੇ ਕੀ ਗਤਿ ਮਿਤਿ ਮਹਿਮਾਂ ਉਪਰਲੇ ਲਿਖੇ ਵਾਕ ਅਨੁਸਾਰ ਹੀ ਲਿਖੀ ਲਖੀ ਜਾ ਸਕਦੀ ਹੈ, ਅਤੇ ਐਸਾ ਹੈ ਨਾਮ ਨਰਿੰਜਨ ਪਰ ਇਸ ਨਾਮ ਨਰਿੰਜਨ ਦੀ ਮਹਿਮਾਂ ਤਦੇ ਹੀ ਗਤਿ ਮਿਤ ਹੁੰਦੀ ਹੈ, ਅਤੇ ਓਸੇ ਗੁਰਮੁਖਿ ਨਾਮ ਅਭਿਆਸੀ ਤੋਂ ਲਖੀ ਪ੍ਰਤਖੀ ਜਾ ਸਕਦੀ ਹੈ :–

ਜੇ ਕੋ ਮੰਨਿ ਜਾਣੈ ਮਨਿ ਕੋਇ ॥

ਜੇ ਕੋਈ ਮੰਨਣਾ ਜਾਣੈ (ਨਾਮ ਨੂੰ) ਮਨ ਕਰਕੇ ਭਾਵ ਮਨ, ਬਚ ਕਰਮ ਕਰਕੇ ਹਿਤੋਂ ਚਿਤੋਂ ਜਿਸ ਕਿਸੇ ਗੁਰਮੁਖ ਨੇ ਨਾਮ ਨੂੰ ਮੰਨਿਆ ਹੈ ਤਿਸੇ ਹੀ ਨਾਮੁ ਨਰਿੰਜਨ ਦੀ ਮਹਿਮਾ ਜਾਣੀ ਲਖੀ ਹੈ :–

'ਮੰਨੈ ਸੁਰਤਿ ਹੋਵੈ ਮਨਿ ਬੁਧਿ ॥ ਮੰਨੈ ਸਗਲ ਭਵਣ ਕੀ ਸੁਧਿ ॥ ਮੰਨੈ ਮੁਹਿ ਚੋਟਾ ਨਾ ਖਾਇ ॥ ਮੰਨੈ ਜਮ ਕੈ ਸਾਥਿ ਨਾ ਜਾਇ ॥ ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥ ੧੩ ॥

ਵਿਆਖਿਆ–ਨਾਮ ਦੇ ਮੰਨਣ ਕਰਕੇ ਨਾਮ ਦੇ ਮੰਨਣਹਾਰਾ ਨਾਮ ਦੀ ਅਭਿਆਸ ਕਮਾਈ ਕ੍ਰਨਹਾਰਾ ਹੋਣ ਕਰਕੇ ਹੀ ਨਾਮ ਮੰਨਨਹਾਰੇ ਗੁਰਮੁਖ ਅਭਿਆਸੀ ਜਨਾਂ ਦੇ ਮੰਨ ਵਿਖੇ ਸੱਚੀ ਤੱਤ ਬੋਧਨੀ ਸੁਰਤੀ ਅਤੇ ਸਤਿ ਗੁਰਮਤਿ ਮਤਿ ਸੁਬੁਧੀ ਸੰਜੀਵਤ ਹੁੰਦੀ ਹੈ, ਅਤੇ ਨਾਮ ਦੇ ਮੰਨਣ ਕਰਕੇ ਹੀ ਨਾਮ ਮੰਨਣਹਾਰੇ ਅਰਥਾਤ ਨਾਮ ਦੀਆਂ ਅਤੁਟ ਅਭਿਆਸ ਕਮਾਈਆਂ ਕਰਨਹਾਰੇ ਗੁਰਮੁਖ ਜਨਾਂ ਨੂੰ 'ਸਗਲ ਭਵਨ ਕੀ ਸੁਧਿ' ਪਰਾਪਤ ਹੋ ਜਾਂਦੀ ਹੈ। ਸਾਰੇ ਖੰਡ ਮੰਡਲ ਬ੍ਰਹਿਮੰਡੀ ਭਵਨਾਂ ਦੀ ਸਾਪੇਖਸ਼ ਸੋਝੀ (ਲਖਤਾ) ਪ੍ਰਾਪਤ ਹੋ ਜਾਂਦੀ ਹੈ ਸਾਮ੍ਹਹੇ ਦ੍ਰਿਸ਼ਟੀ ਗੋਚਰੀ ਸਾਪੇਖਸ਼ਤਾ ਐਸੀ ਦਿਬ ਦ੍ਰਿਸ਼ਟੀ ਖੁਲ੍ਹ ਜਾਂਦੀ ਹੈ ਕਿ ਅਣ-ਦਿਸਦੇ ਖੰਡ, ਬ੍ਰਹਿ-ਮੰਡ, ਦੀਪ, ਲੋਅ ਦ੍ਰਿਸ਼ਟੀ ਸਨਮੁਖ ਐਉਂ ਦਿਸਣ ਲਗ ਪੈਂਦੇ ਹਨ ਜਿਵੇਂ ਹੱਥ ਤੇ ਧਰਿਆ ਹੋਇਆ ਔਲਾ (ਆਮਲਾ) ਦਿਸ ਪੈਂਦਾ ਹੈ।

ਨਾਮ ਦੇ ਮੰਨਣ, ਨਿਧਿਆਸਨ, ਅਭਿਆਸਨ ਦਾ ਪ੍ਰਤਾਪ ਹੀ ਹੈ ਕਿ ਨਾਮ ਦਾ ਮੰਨਣਹਾਰਾ ਸੰਸਾਰ ਦੇ ਮਮਤਾ ਮਈ ਮਾਇਕ ਪਦਾਰਥਾਂ ਤੇ ਸੰਸਾਰਕ ਸੰਬੰਧੀਆਂ ਦੇ ਹੇਤ ਜੰਜਾਲ ਵਿਚ ਰਚ ਪਚ ਕੇ ਮੁਹਾ ਕੇ ਮੋਹ ਠਗਉਲੀ ਖਾ ਕੇ ਬਹੁੜਿ ਬਹੁੜਿ ਜਮਣ ਮਰਨ ਦੇ ਅਤੇ ਕਰੜੇ ਦੁਖਾਂ ਦੁਫੇੜਿਆਂ ਦੀਆਂ ਚੁਰਾਸੀਆਂ ਦੇ ਗੇੜ ਵਾਲੀਆਂ ਮਹਾਂ ਦੁਸ਼ਤਰੀ ਸੱਟਾਂ ਚੋਟਾਂ ਨਹੀਂ ਖਾਂਦਾ ਅਤੇ ਨਾਮ ਦੇ ਮੰਨਣ ਅਸਥੰਮਨ ਕਰਕੇ ਨਾਮ ਮੰਨਣਹਾਰਾ ਅਭਿਆਸੀ ਜਨ ਗੁਰਮੁਖਿ ਪਿਆਰਾ ਜਨਾਂ ਦੇ ਨਾਲ ਨਹੀਂ ਜਾਂਦਾ ਹੈ। ਜਗ ਜਾਗਾਤੀ ਉਸ ਦੇ ਨੇੜੇ ਭੀ ਨਹੀਂ ਆਉਂਦਾ, ਕੋਈ ਜਮਦੂਤ, ਜਮਰਾਜ ਉਸ ਨੂੰ ਬੰਨ੍ਹ ਨਹੀਂ ਚਲਾਉਂਦਾ, ਐਸਾ ਹੈ ਨਾਮ ਨਰਿੰਜਨ ਦਾ ਵਡੀ ਹੂੰ ਵਡਾ ਅਪਾਰ ਮਰਤਬਾ ਪਰ ਇਸ ਨਾਮ ਨਿਰੰਜਨ ਦਾ ਪਾਰਸ ਪ੍ਰਭੂਤੀ ਪ੍ਰਤਾਪ ਤਦੇ ਵਰਤਦਾ ਹੈ ਜੇ ਕੋਈ ਗੁਰਮੁਖ ਜਨ ਮਨ ਕਰ ਕੇ (ਮਨਿ) ਇਸ ਨਾਮ ਨੂੰ ਮੰਨਿ ਜਾਣੈ ਅਰਥਾਤ ਨਾਮ ਦੀਆਂ ਮੰਨਣਿ ਨਿਧਿਆਸਣ ਅਭਿਆਸ ਕਮਾਈਆਂ ਕਰਨ ਜਾਣਦਾ ਹੋਵੇ।

ਮੰਨੈ ਮਾਰਗਿ ਠਾਕ ਨ ਪਾਇ ॥ ਮੰਨੈ ਪਤਿ ਸਿਉ ਪਰਗਟੁ ਜਾਇ ॥ ਮੰਨੈ ਮਗੁ ਨ ਚਲੈ ਪੰਥੁ ॥ ਮੰਨੈ ਧਰਮ ਸੇਤੀ ਸਨਬੰਧੁ ॥ ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥

ਵਿਆਖਿਆ–'ਮੰਨੈ ਮਾਰਗਿ ਠਾਕਿ ਨ ਪਾਇ'

www.AKJ.Org

ਨਾਮ ਦੇ ਮੰਨਣ ਨਿਧਿਆਸਣ ਕਰਕੇ ਨਾਮ ਨਿਧਾਨ ਦੇ ਨਿਧਿਆਸਨੀ ਸਿਮਰਨ ਦੀਆਂ ਅਤੁਟ ਕਮਾਈਆਂ ਤੋੜ ਨਿਬਹੇ ਧੁਗ ਖਲੋਤੇ ਮੁਨਿ, ਮੁਨੀਸ਼ਰ ਗੁਰਮੁਖ ਜਨ ਨੂੰ ਧੁਰ ਦਰਗਾਹੀ ਗੁਰਪੁਰੀ ਨਿਧੜਕ ਦੰਮ ਦਮ ਕਰਦੇ ਜਾ ਦਾਖਲ ਹੁੰਦੇ ਹਨ, ਅਤੇ 'ਪੰਚੇ ਦਰਗਹਿ ਪਾਵਹਿ ਮਾਨ' ਵਾਲੇ ਪਰਮਾਣਿਕ ਪੁਰਖ ਹੋ ਜਾਂਦੇ ਹਨ, ਗੁਰਮਤਿ ਨਾਮ ਦੇ ਮੰਨਣ ਕਰਕੇ ਨਾਮ ਦੇ ਮੰਨਣਹਾਰਿਆਂ ਦਾ ਗੁਰਮਤਿ ਮਾਰਗੀ ਪ੍ਰਗਟ ਪੰਥ ਕਦੇ ਭੀ ਚਲਾਇਮਾਨ ਨਹੀਂ ਹੁੰਦਾ, ਸਦਾ ਨਿਹਚਲ ਰਹਿੰਦਾ ਹੈ। 'ਗੁਰਮਤਿ ਮਤਿ ਅਚਲੁ ਹੈ ਚਲਾਇ ਨ ਸਕੈ ਕੋਇ।' 'ਮੰਨੈ ਮਗੁ ਨ ਚਲੈ ਪੰਥੁ' ਦੀ ਪੰਗਤੀ ਅੰਦਰ 'ਮਗੁ' ਅਤੇ 'ਪੰਥੁ' ਦੋਹਾਂ ਪਦਾਂ ਨੇ ਅਖੀਰਲੇ (ਪਦੇ) ਅਖਰਾਂ ਨੂੰ ਔਂਕੁੜ ਹੋਣ ਕਰਕੇ ਮਾਰਗ ਯਾ ਪੰਥ ਵਿਖੇ ਚਲਣ ਦੇ ਅਰਥ ਨਹੀਂ ਬਣਦੇ। ਅਤੇ 'ਮਗੁ' ਦੇ ਗਗੇ ਨੂੰ ਔਂਕੜ ਹੋਣ ਕਰਿ ਨਾਹੀ ਅਗਲਾ ਨਨਾ ਨਾਲ ਮਿਲਕੇ 'ਮਗਨ' ਬਣ ਸਕਦਾ ਹੈ, ਬਣੂ ਤਾਂ 'ਮਗਨ' ਬਣੂ, ਪਰੰਤੂ ਸਮਗਰ ਗੁਰਬਾਣੀ ਵਿਖੇ ਕਿਤੇ ਭੀ 'ਮਗੁਨ' ਪਾਠ ਨਹੀਂ ਆਉਂਦਾ, ਮਗਨ ਹੀ ਆਉਂਦਾ ਹੈ। 'ਚਲੈ' ਦੇ ਅਰਥ ਚਲਦਾ ਹੈ ਨਹੀਂ ਚਲਾਇਮਾਨ ਹੁੰਦਾ ਹੈ। ਗੁਰਮਤਿ ਮਾਰਗੀਆਂ ਨਾਮ ਅਭਿਆਸੀਆਂ ਦਾ ਨਿਹਚਲ ਪੰਥ ਕਿਉਂ ਰਹਿੰਦਾ ਹੈ? ਅਤੇ ਕਿਉਂ ਚਲਾਇਮਾਨ ਨਹੀਂ ਹੁੰਦਾ? ਇਸ ਦਾ ਉਤਰ ਅਗਲੀ ਤੁਕ ਦਸਦੀ ਹੈ ਕਿ–

'ਮੰਨੈ ਧਰਮ ਸੇਤੀ ਸਨਬੰਧੁ'

ਨਾਮ ਦੇ ਮੰਨਣਹਾਰਿਆਂ ਦਾ ਸਨਬੰਧ (ਵਾਸਤਾ) ਨਰੋਲ ਧਰਮ ਗੁਰਮਤਿ ਪ੍ਰਮਾਰਥੀ ਧਰਮ ਨਾਲ ਹੀ ਹੁੰਦਾ ਹੈ ਅਤੇ– 'ਏਕੋ ਧਰਮੁ ਦ੍ਰਿੜੈ ਸਚੁ ਕੋਈ ॥
ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥'
(ਬਸੰਤੁ ਮਹਲਾ ੧)

ਦੇ ਗੁਰਵਾਕ ਅਨੁਸਾਰ ਭੀ ਏਹੋ ਸਿੱਧ ਹੁੰਦਾ ਹੈ ਕਿ ਗੁਰਮਤਿ ਰੂਪੀ ਸਚਾ ਧਰਮ ਹੀ ਜੁਗੁ ਜੁਗੁ ਪੂਰਾ ਉਤਰਦਾ ਹੈ ਅਰਥਾਤ ਅਚਲ ਅਸਥਿਰ ਰਹਿੰਦਾ ਹੈ ਹੈ ਅਤੇ ਜੋ ਕੋਈ ਇਸ ਗੁਰਮਤਿ ਧਰਮ ਦੇ ਧਾਰਨ (ਦ੍ਰਿੜ) ਕਰਨਹਾਰਾ ਹੈ, ਓਹੋ ਹੀ ਜੁਗੁ ਜੁਗੁ ਪੂਰਾ ਉਤਰਦਾ ਹੈ। ਐਸਾ ਹੈ, ਨਾਮੁ ਨਿਰੰਜਨੁ ਜਿਸ ਦੇ ਮਹਾਤਮ ਦਾ ਉਪਰ ਲਿਖਿਆ ਪ੍ਰਭਾਵ ਵਰਤਦਾ ਹੈ, ਪਰ ਤਾਂ ਵਰਤਦਾ ਹੈ ਜੇ ਕੋਈ ਮਨ ਕਰਕੇ ਗੁਰਮਤਿ ਨਾਮ ਨੂੰ ਮੰਨਣਾ ਜਾਣੈ।

ਮੰਨੈ ਪਾਵਹਿ ਮੋਖ ਦੁਆਰੁ ॥ ਮੰਨੈ ਪਰਵਾਰੈ
ਸਾਧਾਰੁ ॥ ਮੰਨੈ ਤਰੈ ਤਾਰੈ ਗੁਰ ਸਿਖ ॥
ਮੰਨੈ ਨਾਨਕ ਭਵਹਿ ਨ ਭਿਖ ॥ ਐਸਾ ਨਾਮੁ
ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥

ਵਿਆਖਿਆ—"ਮੰਨੈ ਪਾਵਹਿ ਮੋਖ ਦੁਆਰ" ਨਾਮ ਦੇ ਮੰਨਣ ਕਰ ਕੇ ਨਾਮ ਨੂੰ ਮੰਨਣਹਾਰੇ ਸੱਚੀ ਮੁਕਤ ਰੂਪੀ ਸੱਚੀ ਦਰਗਾਹੀ ਦੁਆਰ ਨੂੰ ਪਾ ਲੈਂਦੇ ਹਨ, ਨਾਮ ਦੇ ਮੰਨਣ ਨਿਧਿਆਸਨ ਕਰ ਕੇ ਨਾ ਸਿਰਫ ਨਾਮ ਦਾ ਮੰਨਣ ਨਿਧਿਆਸਨ ਕਰਨਹਾਰਾ ਗੁਰਮੁਖ ਜਨ ਖੁਦ ਮੋਖ ਦੁਆਰੁ ਨੂੰ ਪ੍ਰਾਪਤ ਹੁੰਦਾ ਹੈ, ਬਲਕਿ "ਮੰਨੈ ਪਰਵਾਰੈ ਸਾਧਾਰੁ" ਨਾਮ ਦੇ ਮੰਨਣ ਕਰਕੇ ਨਾਮ ਮੰਨਣਹਾਰਾ ਸਾਰੇ ਪਰਵਾਰ ਦਾ ਸਾਧਾਰ (ਨਿਸਤਾਰਾ) ਕਰਨਹਾਰਾ ਬਣ ਜਾਂਦਾ ਹੈ, ਪਰਵਾਰ ਛਡਕੇ ਇਕੀ ਕੁਲਾਂ ਦਾ ਭੀ ਤਾਰਕ ਹੋ ਜਾਂਦਾ ਹੈ। "ਗੁਰਮੁਖਿ ਪਰਵਾਰੈ ਸਾਧਾਹੁ ਹੈ ਇਕੀ ਕੁਲੀ ਸਭੁ ਜਗਤ ਛਡਾਵੈ।" ਸਤਿਗੁਰ ਦੀ ਸ਼ਫਾਅਤ ਨਾਲਿ, ਐਸੀ ਹੈ ਪਾਰਸ ਕਲਾ ਨਾਮ ਰਸਾਇਣ ਦੀ ਅਤੇ ਚੁੰਭਕ ਰਸਾਇਣੀ ਨਾਮ ਅਭਿਆਸ ਦੇ ਪਾਰਸ ਪਰਤਾਪ ਦੀ—

www.AKJ.Org

ਜਿਸ ਸਿਮਰਤ ਸਭਿ ਕਿਲ ਵਿਖ ਨਾਸਹਿ
ਪਿਤਰੀ ਹੋਇ ਉਧਾਰੋ ॥ (ਗੂਜਰੀ ਮ: ੫)

ਗੁਰਵਾਕ ਦੇ ਭਾਵ ਅਨੁਸਾਰ ਨਾਮ ਸਿਮਰਨਹਾਰੇ ਗੁਰਮੁਖਿ ਜਨ ਨਾਮ ਸਿਮਰ ਸਿਮਰ ਕੇ ਆਪਣੇ ਪਰਲੋਕ ਗਮਨ ਪਿਤਰਾਂ ਦਾ ਭੀ ਉਧਾਰ ਕਰ ਦਿੰਦੇ ਹਨ 'ਪਰਵਾਰੈ ਸਾਧਾਰੁ' ਹੋਣ ਵਿਚ ਤਾਂ ਕੀ ਸੰਦੇਹ ਹੋ ਸਕਦਾ ਹੈ? ਪੁਗ ਖਲੋਤੇ ਗੁਰਮੁਖ ਜਨਾਂ ਦੀ ਸਤਿਗੁਰੂ ਹਰ ਪਰਕਾਰ ਬਾਹੁੜੀ ਕਰਦਾ ਹੈ, ਅਤੇ ਉਹਨਾਂ ਦੀ ਕੀਤੀ ਨੂੰ ਕ੍ਰਿਪਾ ਕਰਕੇ ਆਪ ਸਤਿਗੁਰੂ ਨਿਬਾਹ ਲੈਂਦਾ ਹੈ, ਉਹਨਾਂ ਦੇ ਬਾਉਂ ਆਪ ਖਲੋਇਕੈ ਸਤਿਗੁਰੂ ਬਾਹੁੜੀ ਨਿਬਾਹੁੜੀ ਕਰਦਾ ਹੈ। ਮੰਨੈ ਤਰੈ ਤਾਰੇ ਗੁਰੁ ਸਿਖ' ਚਾਹੇ ਨਾਮ ਦੇ ਮੰਨਣ-ਹਾਰੇ ਨਾਮ ਨਿਧਿਆਸਨੀ ਅਭਿਆਸੀ ਸਿਖ ਨੇ ਕਿਤਨੀ ਹੀ ਨਾਮ ਕਮਾਈ ਕੀਤੀ ਹੋਵੇ, ਪਰ ਉਹ ਗੁਰੂ ਨਦਰ ਮੇਹਰ ਨਾਲ ਹੀ ਤਰਦਾ ਹੈ। ਉਹ ਆਪਣੀ ਕਰਣੀ ਕਰ ਆਪੋ ਤਰਨ ਦਾ ਦਮ ਕਦੇ ਨਹੀਂ ਮਾਰ ਸਕਦਾ ਅਤੇ ਨਾ ਹੀ ਆਪ ਆਪਣੇ ਹੁਦਰੋਂ ਹੀ ਤਰ ਸਕਦਾ ਹੈ, ਸਦਾ ਸਦਾ ਗੁਰਪ੍ਰਸਾਦਿ ਕਰ ਹੀ ਤਰੇਗਾ। ਗੁਰਮਤਿ ਦਾ ਏਹ ਮੁਸੱਲਮ ਅਸੂਲ ਹੈ। ਗੁਰਮਤਿ ਨਾਮ ਅਭਿਆਸ ਕਮਾਈ ਦੀ ਸੁਫਲ ਫਲਾਈ ਦਾ ਏਹ ਗੁਰਮਤਿ ਮੰਨਿਆ ਪਰਮੰਨਿਆ ਅਸੂਲ ਹੈ ਕਿ ਪੁਜ ਕੇ ਕੀਤੀਆਂ ਨਾਮ, ਅਭਿਆਸ ਕਮਾਈਆਂ ਵਾਲੇ ਸਿਖ ਨੂੰ ਤਾਰੇ ਤਾਂ ਗੁਰੂ ਹੀ ਤਾਰੇ, ਉਹ ਆਪੋ ਆਪਣੀ ਕਰਨੀ ਕਰਿ ਤਰਨ ਦੀ ਡੀਂਗ ਕਦੇ ਨਹੀਂ ਮਾਰ ਸਕਦਾ। ਨਾਮ ਅਭਿਆਸੀ ਸਿਖ ਦੀ ਸੁਕ੍ਰਿਤ ਕਰਨੀ ਦਾ ਫਲ ਪ੍ਰਦਾਤਾ ਸਤਿਗੁਰੂ ਹੈ, ਭੂਤ, ਭਵਿੱਖਤ ਦਾ ਏਹ ਅਟੱਲ ਗੁਰਮਤਿ ਸਿਧਾਂਤ ਹੈ ਕਿ ਸਿਖ ਨੂੰ ਤਾਰੇ ਤਾਂ ਗੁਰੂ ਹੀ ਤਾਰੇ। ਸੋ ਨਾਮ ਦੇ ਮੰਨਣ ਕਰ ਕੇ ਨਾਮ ਕਮਾਈਆਂ ਦੇ ਤੁਫੈਲ ਹੀ ਨਾਮ ਅਭਿਆਸੀ ਸਿਖ ਤਰਦਾ ਹੈ, ਪਰ ਗੁਰੂ ਦਾ ਤਾਰਿਆ ਹੀ ਤਰਦਾ ਹੈ। ਉਸ ਨੂੰ ਤਾਰੇ ਤਾਂ ਗੁਰੂ ਹੀ ਤਾਰੇ। 'ਗੁਰੂ' ਪਦ ਦੇ ਰਾਰੇ ਨੂੰ ਔਂਕੁੜ ਹੋਣ ਕਰਕੇ 'ਗੁਰੁ' ਪਦ ਸਿਖ ਪਦ ਨਾਲ ਸੰਮਿਲਤ ਹੋ ਕੇ 'ਗੁਰਸਿਖ' ਨਹੀਂ ਬਣ ਸਕਦਾ, ਗੁਰਸਿਖ ਤਾਂ ਬਣੇ ਜੇ ਔਂਕੜ ਨਾ ਹੋਵੇ। 'ਸਿਖ' ਪਦ ਦੇ ਖੱਖੇ ਦਾ ਔਂਕੜ ਇਉਂ ਉੜਿਆ ਹੈ ਕਿ ਸਿਖ ਦੇ 'ਨਾਲਿ' 'ਨੂੰ' ਦੇ ਅਰਫ ਸਬੰਧਤ ਹਨ, ਗੁਰੂ ਸਿਖ ਨੂੰ ਤਾਰੇ ਅਤੇ ਇਸ ਬਿਧ ਗੁਰ ਨਦਰਿਸ਼ਟ ਹੋ ਕੇ ਹੀ ਸਿਖ ਤਰਦਾ ਹੈ, 'ਤਰੈ' ਹੈ ਅਤੇ ਇਸ ਬਿਧ

ਜਿਨ ਕਉ ਨਦਰਿ ਕਰਮੁ ਤਿਨ ਕਾਰ ॥
ਨਾਨਕ ਨਦਰੀ ਨਦਿਰਿ ਨਿਹਾਲ ॥

ਦਾ ਅੰਤਲਾ ਤੱਤ ਗੁਰਮਤਿ ਅਸੂਲ ਅੰਦਰ ਨਿਰਣੇ ਵਿਆਖਤ ਹੁੰਦਾ ਹੈ। 'ਤਰੈ' ਦਾ ਸਬੰਧ ਗੁਰੂ ਨਾਲ ਨਹੀਂ ਜੈਸਾ ਕਿ ਕਈ ਟੀਕਾਕਾਰ ਅਰਥ ਕਰਦੇ ਹਨ ਕਿ ਨਾਮ ਦੇ ਮੰਨਣ ਕਰਿ ਗੁਰੂ ਤਰਦਾ ਹੈ ਅਤੇ ਸਿਖਾਂ ਨੂੰ ਤਾਰਦਾ ਹੈ। ਸਤਿਗੁਰੂ ਤਾਂ 'ਐਸੇ ਗੁਰ ਕਉ ਬਲਿ ਬਲਿ ਜਾਈਐ ਆਪਿ ਮੁਕਤ ਮੁਹਿ ਤਾਰੇ' ਦੇ ਗੁਰਵਾਕ ਅਨੁਸਾਰ ਖੁਦ ਹੀ ਤਰਨ ਤਾਰਨ ਸਮਰਥ ਧੁਰ ਦਰਗਾਹੋਂ ਹੀ ਤਰਿਆ ਹੋਇਆ ਹੈ, ਹਾਂ! ਧੁਰੋਂ ਗੁਰੂ ਕਰਤਾਰ ਦੀ ਦਰਗਾਹੋਂ ਹੀ ਨਾਮ ਗੁਰਮੰਤ੍ਰ ਮਿਲਨ ਕਰ ਤਰਨ ਤਾਰਨ ਸਮਰਥ ਹੈ ਪਰ 'ਮੰਨੇ' ਦੇ ਅਰਥਾਂ ਵਿਚ ਧੁਰ ਦਰਗਾਹੋਂ ਨਾਮ ਮਿਲਣ ਦੇ ਅਰਥ ਨਹੀਂ ਸੰਬੋਧੇ ਜਾ ਸਕਦੇ ਤਾਂਤੇ:—

ਐਸਾ ਨਾਮੁ ਨਿਰੰਜਨੁ ਹੋਇ ॥
ਜੇ ਕੋ ਮੰਨਿ ਜਾਣੈ ਮਨਿ ਕੋਇ ॥

ਦਾ ਭਾਵ ਸਿਖ ਅਭਿਆਸੀ ਜਨਾ ਤੇ ਹੀ ਘਟ ਸਕਦਾ ਅਤੇ ਨਾਮ ਦੇ ਮੰਨਣ ਕਮਾਵਣਹਾਰੇ ਸਿੱਖਾਂ ਪ੍ਰਥਾਇ*

# * ਕਰਾਂਤੀਕਾਰੀ ਗੁਰੂ ਨਾਨਕ *

(ਵਲੋਂ–ਸ: ਨਰੈਣ ਸਿੰਘ ਜੀ ਐਮ. ਏ., ਪਟਿਆਲਾ)

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਮੁਚਾ ਜੀਵਣ ਸਮੇਂ ਦੀ ਸਥਿਤੀ ਅੰਦਰ ਇਕ ਵਡਾ ਇਨਕਲਾਬ ਸੀ। ਪ੍ਰਚੱਲਤ ਕਰਮ ਧਰਮ ਬਾਰੇ ਸਦੀਆਂ ਜਮੇਂ ਹੋਏ ਵਿਸ਼ਵਾਸ਼ਾਂ ਅਤੇ ਸਮਾਜਕ ਰਹਿਣੀ ਬਹਿਣੀ ਦਾ ਹੀ ਗੁਰੂ ਜੀ ਨੇ ਨੰਗੇ ਤਰੀਕੇ ਸਿਰ ਵਿਰੋਧ ਨਹੀਂ ਕੀਤਾ, ਬਲਕਿ ਆਪ ਦੀ ਕਥਨੀ ਅਤੇ ਕਰਣੀ ਵਿਚ ਜੁਗ ਗਰਦੀ ਦੇ ਅੰਕੁਰ ਮੌਜੂਦ ਸਨ । ਇਕ ਹਿੰਦੂ ਘਰਾਣੇ ਵਿਚ ਜੰਮ ਕੇ ਹਿੰਦੂ ਧਰਮ ਅੰਦਰ ਪ੍ਰਵੇਸ਼ ਕਰਾਉਣ ਵਾਲੀ ਮੁਖੀ ਰੀਤੀ ਜਨੇਊ ਪਾਉਣ, ਆਪਣੇ ਦਾਦਾ ਜੀ ਦਾ ਸਰਾਧ ਕਰ ਅਤੇ ਸੂਤਕ ਪਾਤਕ ਦੀਆਂ ਰਸਮਾਂ ਅਪਨਾਉਣ ਤੋਂ ਛੋਟੀ ਉਮਰ ਵਿਚ ਹੀ ਇਨਕਾਰ ਕਰਨਾ ਆਪ ਦੀ ਕ੍ਰਾਂਤੀ ਰੁਚੀ ਦਾ ਪ੍ਰਗਟਾਵਾ ਕਰਦੇ ਹਨ। ਪਰੰਤੂ ਸੁਲਤਾਨਪੁਰ ਤਿੰਨ ਦਿਨ ਗਾਇਬ ਰਹਿਣ ਮਗਰੋਂ ਵੇਈਂ ਨਦੀ ਵਿਚੋਂ 'ਨ ਕੋਈ ਹਿੰਦੂ ਨਾ ਮੁਸਲਮਾਨ' ਕਹਿੰਦੇ ਹੋਏ ਬਾਹਰ ਆਉਣਾ ਅਤੇ ਫਿਰ ਹਰ ਵਡੇ ਛੋਟੇ ਹਿੰਦੂ ਮੁਸਲਮਾਨ ਦੇ ਮੂੰਹ ਪਰ ਏਲਾਨੀਆ 'ਨ ਕੋਈ ਹਿੰਦੂ ਨ ਮੁਸਲਮਾਨ' ਕਹੀ ਜਾਣਾ ਦਸਦਾ ਹੈ ਕਿ ਸਮੇਂ ਦੀਆਂ ਦੇਸ਼ ਵਾਸੀ ਦੋ ਵਡੀਆਂ ਕੌਮਾਂ ਹਿੰਦੂ ਮੁਸਲਮਾਨ ਬਾਰੇ ਆਪ ਦਾ ਜਜ਼ਬਾ ਕਿਤਨਾ ਇੰਨਕਲਾਬੀ ਸੀ ਅਤੇ ਆਪ ਉਸ ਜਜ਼ਬੇ ਨੂੰ ਦ੍ਰਿੜਤਾ ਅਤੇ ਨਿਰਭੈਤਾ ਨਾਲ ਪ੍ਰਗਟ ਕਰ ਰਹੇ ਸਨ । ਹਿੰਦੂ ਮੁਸਲਮਾਨਾਂ ਨੇ ਆਪ ਦੇ ਅਜੇਹੇ ਅਕੀਦਿਆਂ ਅਤੇ ਇਸੇ ਤਰਾਂ ਦੇ ਹੋਰ ਕੰਮਾਂ ਬਦਲੇ ਆਪ ਨੂੰ ਕੁਰਾਹੀਆ ਅਤੇ ਕਈ ਹੋਰ ਵਧ ਘਟ ਬਚਨ ਕਹੇ ਅਤੇ ਦਸਿਆ ਜਾਂਦਾ ਹੈ ਕਿ ਕਈ ਥਾਂਈ ਆਪ ਨੂੰ ਵਟੇ ਆਦਿ ਭੀ ਮਾਰੇ । ਪਰੰਤੂ ਇਹ ਗੱਲਾਂ ਆਪ

---

*ਹੀ ਖ਼ੂਬ ਫਬਦਾ ਹੈ । 'ਸੁਣਿਐ' 'ਮੰਨੈ' ਦੀਆਂ ਪਉੜੀਆਂ ਸਿੱਖਾਂ ਪ੍ਰਥਾਇ ਉਚਾਰਨ ਹੋਈਆਂ ਹਨ ਅਤੇ ਗੁਰੂ ਪ੍ਰਥਾਇ ਉਚਾਰਨ ਹੋਈ ਕਿਸੇ ਪੰਗਤੀ ਪਉੜੀ ਨੂੰ ਮੰਨਣਾ ਉਕਾ ਹੀ ਅਨੁਥਾ ਹੈ ।

'ਮੰਨੈ ਨਾਨਕ ਭਵਹਿ ਨ ਭਿਖ' ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਨਾਮ ਦੇ ਮੰਨਣ ਕਰ ਨਾਮ ਦੇ ਮੰਨਣਹਾਰੇ ਨਾਮ ਦੀ ਭਿਖਿਆ ਹੇਤ ਹੋਰ ਥਾਉਂ ਭਉਂਦੇ ਨਹੀਂ ਫਿਰਦੇ । ਜਿਨ੍ਹਾਂ ਨੂੰ ਗੁਰਮਤਿ ਨਾਮ ਦੀਖਿਆ ਉਤੇ ਦ੍ਰਿੜ੍ਹ ਵਿਸ਼ਵਾਸ਼ ਆਇਆ ਹੈ, ਜੋ ਏਸ ਦ੍ਰਿੜ੍ਹ ਵਿਸ਼ਵਾਸ਼ ਸ਼ਰਧਾ ਕਰਕੇ ਗੁਰਮਤਿ ਨਾਮ ਦਾ ਜਾਪ ਅਭਿਆਸ ਰੂਪੀ ਮੰਨਣ ਨਿਧਿਆਸਣ ਕਰਦੇ ਹਨ । ਉਹਨਾਂ ਦਾ ਘਰ ਏਥੇ ਗੁਰੂ ਘਰ ਵਿਚ ਹੀ ਪੂਰਾ ਹੋ ਜਾਂਦਾ ਹੈ । ਉਹਨਾਂ ਨੂੰ ਨਿਜ-ਆਤਮ ਵਿਸ਼ਾਇਣੀ ਭੁਖ ਮਿਟਾਉਣ ਹੇਤ ਨਾਮ ਦੀਖਿਆ ਦੀ ਭਿਖਿਆ ਮੰਗਣ ਲਈ ਦਰ ਦਰ ਭਉਣਾ ਭਟਕਣਾ ਨਹੀਂ ਪੈਂਦਾ । ਉਹ ਗੁਰੂ ਦੇ ਅਨਿੰਨ ਭਰੋਸੇ ਵਾਲੇ ਅਡੋਲ ਬਿਰਤੀਏ ਸ਼ਰਧਾਲੂ ਸਿਖ ਹੋ ਜਾਂਦੇ ਹਨ ।


www.AKJ.Org

ਦੇ ਇੰਨਕਲਾਬੀ ਵਿਚਾਰ ਅਤੇ ਜਜ਼ਬਿਆਂ ਅੰਦਰ ਕੋਈ ਤਬਦੀਲੀ ਨ ਲਿਆ ਸਕੀਆਂ ਅਤੇ ਗੁਰੂ ਜੀ ਦੇ ਕ੍ਰਾਂਤੀ ਕਾਰੀ ਅੰਦੋਲਨ ਅੰਦਰ ਰੀਨ ਭਰ ਦਾ ਫਰਕ ਨਹੀਂ ਪਿਆ । ਆਪ ਜੀ ਦੀਆਂ ਕੁਝ ਕੁ ਜੀਵਨ ਘਟਨਾਵਾ ਦਾ ਇਸ਼ਾਰੇ ਮਾਤਰ ਵਰਨਣ ਇਸ ਨੁਕਤੇ ਨੂੰ ਭਲੀ ਤਰਾਂ ਸਿਧ ਕਰ ਦੇਵੇਗਾ । ਆਪ ਦਾ ਕੀਤਾ ਹਰ ਐਸਾ ਕੌਤਕ ਬੜਾ ਅਸਚਰਜ ਲੱਗਣ ਵਾਲਾ ਅਤੇ ਪ੍ਰਚੱਲਤ ਵਿਸ਼ਵਾਸ਼ ਅਤੇ ਰਿਵਾਜ ਦੇ ਬਿਲਕੁਲ ਉਲਟ ਹੁੰਦਾ ।

ਹਰਦੁਆਰ ਗੰਗਾ ਦੇ ਕੰਢੇ ਲੋਕੀ ਸੂਰਜ ਵਲ ਨੂੰ ਜਲ ਭੇਟ ਕਰਦੇ ਵੇਖਕੇ ਗੁਰੂ ਜੀ ਪਛਮ ਵਲ ਨੂੰ ਗੰਗਾ ਦਾ ਪਾਣੀ ਉਛਾਲਣਾ ਸ਼ੁਰੂ ਕਰ ਦੇਂਦੇ ਹਨ ਅਤੇ ਲੋਕਾਂ ਦੇ ਪੁਛਣ ਤੇ ਦਸਦੇ ਹਨ ਕਿ ਮੇਰਾ ਝੋਨੇ ਦਾ ਖੇਤ ਪੰਜਾਬ ਵਿਚ ਸੁਕ ਰਿਹਾ ਹੈ ਜਿਸ ਲਈ ਮੈਂ ਉਧਰ ਨੂੰ ਪਾਣੀ ਉਛਾਲ ਰਿਹਾ ਹਾਂ । ਲੋਕੀ ਆਪ ਦੇ ਇਸ ਉਤਰ ਤੇ ਹਸਦੇ ਹਨ ਤਾਂ ਲੋਕਾਂ ਦੀ ਪਤੱਰਾਂ ਨੂੰ ਪਾਣੀ ਭੇਟ ਕਰਨ ਵਾਲੀ ਰਸਮ ਦੀ ਬੇਅਰਥਤਾ ਦਰਸਾਉਣ ਲਈ ਗੁਰੂ ਜੀ ਕਹਿੰਦੇ ਹਨ ਕਿ ਜੇ ਮੇਰਾ ਉਛਾਲਿਆ ਹੋਇਆ ਪਾਣੀ ਪੰਜਾਬ ਵਿਚ ਮੇਰੇ ਖੇਤ ਨੂੰ ਨਹੀਂ ਸਿੰਜ ਸਕਦਾ ਤਾਂ ਤੁਹਾਡਾ ਚੁਲੀਆਂ ਨਾਲ ਭੇਟ ਕੀਤਾ ਪਾਣੀ ਤੁਹਾਡੇ ਪਿਤਰਾਂ ਤਕ ਜੋ ਕਰੋੜਾਂ ਕੋਹ ਦੂਰ ਹਨ ਕਿਵੇਂ ਪੁਜ ਸਕਦਾ ਹੈ ।

ਗੁਰੂ ਜੀ ਮੱਕੇ ਜਾਂਦੇ ਹਨ ਅਤੇ ਲੋਕਾਂ ਦੇ ਪ੍ਰਚੱਲਤ ਅਕੀਦੇ ਦੇ ਖਿਲਾਫ ਰਾਤ ਸੌਣ ਸਮੇਂ ਮਿਹਰਾਬ ਵਲ ਪੈਰ ਪਸਾਰ ਕੇ ਸੌਂ ਜਾਂਦੇ ਹਨ ਜੋ ਉਸ ਪਵਿਤਰ ਅਸਥਾਨ ਦਾ ਭਾਰਾ ਨਿਰਾਦਰ ਸਮਝਦੇ ਹੋਏ ਜੀਵਣ ਆਪ ਜੀ ਨੂੰ ਲੱਤ ਮਾਰਦਾ ਹੈ ਤੇ ਪੁਛਦਾ ਹੈ ਕਿ ਖੁਦਾ ਦੇ ਘਰ ਵੱਲ ਪੈਰ ਕਰਕੇ ਕਿਉਂ ਸੁਤਾ ਹੈਂ ? ਗੁਰੂ ਜੀ ਕਹਿੰਦੇ ਹਨ ਕਿ ਜਿਧਰ ਖੁਦਾ ਦਾ ਘਰ ਨਹੀਂ ਮੇਰੇ ਪੈਰ ਘਸੀਟ ਕੇ ਉਧਰ ਕਰ ਦਿਓ ।

ਬਗਦਾਦ ਵਿਚ ਮਰਦਾਨੇ ਦਾ ਗਾਇਆ ਸ਼ਬਦ ਗੁਰੂ ਜੀ ਦੀ ਨਿਰਾਲੀ ਕਿਸਮ ਦੀ ਬਾਂਗ ਸੁਣਕੇ ਲੋਕ ਬੜੇ ਗੁਸੇ ਵਿਚ ਆਉਂਦੇ ਹਨ ਅਤੇ ਹਜ਼ਰਤ ਜੀ ਦੀ ਵਡੀ ਤੋਹੀਨ ਹੋਈ ਜਾਣ ਕੇ ਪੀਰ ਜੀ ਪਾਸੋਂ ਇਸ ਤਰਾਂ ਹਜ਼ਰਤ ਸਾਹਿਬ ਦੀ ਨਿਰਾਦਰੀ ਕਰਣ ਵਾਲੇ ਲਈ ਯੋਗ ਸਜ਼ਾ ਦਾ ਫਤਵਾ ਮੰਗਦੇ ਹਨ ।

ਪੀਰ ਜੀ ਹੁਕਮ ਦੇਂਦੇ ਹਨ ਕਿ ਐਸੇ ਆਦਮੀ ਨੂੰ 'ਸੰਗ ਸਾਰ' ਅਥਵਾ ਪਥਰ ਮਾਰ ਕੇ ਮਾਰ ਦੇਣਾ ਚਾਹੀਦਾ ਹੈ। ਸਾਰਾ ਹਜੂਮ ਸਣੇ ਪੀਰ ਦੇ ਗੁਰੂ ਜੀ ਵਲ ਹਥਾਂ ਵਿਚ ਪਥਰ ਲਈ ਆਉਂਦੇ ਹਨ ਪਰੰਤੂ ਗੁਰੂ ਜੀ ਦੀ ਇਹ ਕਿਤਨੀ ਮਹਾਨ ਵਡਿਆਈ ਦੀ ਗੱਲ ਹੈ ਕਿ ਅਜਿਹੇ ਭਿਆਨਕ ਹਜੂਮ ਦੇ ਗੁਸੇ ਦੀ ਅਗ ਨੂੰ ਸੀਤਲਤਾ ਸ਼ਾਂਤੀ ਅਤੇ ਪਿਆਰ ਵਿਚ ਪਲਟ ਦੇਂਦੇ ਹਨ।

ਜਗਤ ਦੀ ਉਤਪਤੀ ਸੰਭਾਲ ਅਤੇ ਲੈ ਬਾਰੇ ਭਾਰਤ ਦੇ ਪ੍ਰਚਲਤ ਵਿਸ਼ਵਾਸ਼ ਕਿ ਬ੍ਰਹਮਾ ਵਿਸ਼ਨੂ ਤੇ ਮਹੇਸ਼ ਨਾਮੀ ਤ੍ਰੈ ਸ਼ਕਤੀਆਂ ਨੇ ਵਖ ਵਖ ਇਹ ਕੰਮ ਸੰਭਾਲੇ ਹੋਏ ਹਨ, ਨੂੰ ਗੁਰੂ ਜੀ ਇਹ ਕਹਿ ਕੇ ਠੁਕਰਾਉਂਦੇ ਹਨ ਕਿ ਅਜੇਹੀ ਕੋਈ ਸੁਤੰਤਰ ਸ਼ਕਤੀ ਨਹੀਂ, ਸ਼ਕਤੀ ਵਾਲਾ ਤਾਂ ਇਕ ਪ੍ਰਮਾਤਮਾ ਹੈ ਜਿਸ ਬਾਰੇ ਆਪ ਨੇ ਦੁਹਰਾ ੨ ਕੇ ਕਿਹਾ—'ਸਾਹਿਬ ਮੇਰਾ ਏਕੋ ਹੈ, ਏਕੋ ਹੈ ਭਾਈ ਏਕੋ ਹੈ' ਇਹ ਜਿਨ੍ਹਾਂ ਨੂੰ ਤੁਸੀਂ ਸੁਤੰਤਰ ਸ਼ਕਤੀਆਂ ਮੰਨਦੇ ਹੋ ਇਹ ਤਾਂ ਉਸਦੀਆਂ ਵਖੋ ਵਖ ਪ੍ਰਕਾਰ ਦੀਆਂ ਸ਼ਕਤੀਆਂ ਹਨ ।
ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ।
ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ।


www.AKJ.Org

ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ।
(ਜਪਜੀ)

ਫਿਰ ਜਿਸ ਬ੍ਰਹਮਾ ਨੂੰ ਤੁਸੀਂ ਸੰਸਾਰ ਦੀ ਉਤਪਤੀ ਦਾ ਕਾਰਨ ਮੰਨਦੇ ਹੋ ਉਸ ਜੇਹੇ ਕਈ ਬ੍ਰਹਮੇ ਉਸ ਸਾਹਿਬ ਦੇ ਦਰ ਤੇ ਕਾਰ ਕਮਾਵਨ ਵਾਲੇ ਹਨ 'ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ' ਜੋ ਤੁਸੀਂ ਸੂਰਜ ਨੂੰ ਭਗਵਾਨ ਮੰਨਦੇ ਅਤੇ ਕੁਦਰਤ ਦੀਆਂ ਹੋਰ ਸ਼ਕਤੀਆਂ ਨੂੰ ਦੇਵਤੇ ਕਰਕੇ ਪੂਜਦੇ ਹੋ, ਇਹੋ ਜਿਹੇ ਸੂਰਜ ਚੰਦ ਇੰਦਰ ਤਾਂ ਅਨੇਕਾਂ ਹੀ ਉਸ ਦੇ ਉਤਪਤ ਕੀਤੇ ਹੋਏ ਹਨ 'ਕੇਤੇ ਇੰਦ ਚੰਦ ਸੂਰ ਕੇਤੇ' ਤੁਸੀਂ ਕਿਸ ਕਿਸ ਨੂੰ ਭਗਵਾਨ ਜਾਂ ਦੇਵ ਮੰਨ ਕੇ ਪੂਜੋਗੇ ।

ਇਸ ਪ੍ਰਕਾਰ ਭਾਰਤ ਵਾਸੀ ਦੂਸਰੀ ਜਾਤੀ ਮੁਸਲਮਾਨ ਜੋ ਇਕ ਅੱਲਾ ਨੂੰ ਵਾਹਿਦੁ ਲਾਸ਼ਰੀਕ ਤਾਂ ਮੰਨਦੇ ਸਨ ਪਰੰਤੂ ਹਜ਼ਰਤ ਮੁਹੰਮਦ ਨੂੰ ਉਸ ਅੱਲਾ ਦਾ ਵਾਹਿਦ ਰਸੂਲ ਜਾਣ ਕੇ ਉਸ ਦੇ ਸਿਜਦੇ ਅੰਦਰ ਬੈਠਦੇ ਸਨ ਉਹਨਾਂ ਦਾ ਇਹ ਭੀ ਭੁਲੇਖਾ ਦੂਰ ਕਰਨ ਅਤੇ ਹਿੰਦੂ ਮੁਸਲਮਾਨ ਸਭ ਨੂੰ ਉਸ ਇਕੋ ਇਕ ਸਾਹਿਬ ਦੀ ਵਡਿਆਈ ਦਰਸਾਉਣ ਲਈ ਕਹਿੰਦੇ ਹਨ– ਏਕੋ ਸਾਹਿਬ ਏਕ ਖੁਦਾਇ ।

ਖਾਲਕ ਸਚਾ ਬੇਪਰਵਾਹੇ ।
ਕਈ ਮੁਹੰਮਦ ਖੜੇ ਦਰਬਾਰ ।
ਪਾਰ ਨ ਪਾਵਹਿ ਬੇਸ਼ੁਮਾਰ ।
ਰਸੂਲ ਰਸਾਲ ਦੁਨੀਆਂ ਮਹਿ ਆਇਆ ।
ਜਬ ਚਾਹਿਆ ਤਬ ਪਕੜ ਮੰਗਾਇਆ ।
ਇਉਂ ਸਹੀ ਕੀਆ ਹੈ ਨਾਨਕ ਬੰਦੇ ।
ਪਾਕ ਖੁਦਾਇ ਔਰ ਸਭ ਗੰਦੇ ।
(ਵਡੀ ਜਨਮਸਾਖੀ ਪੰਨਾ ੪੦੨)

ਹਿੰਦੂ ਵਿਦਵਾਨਾਂ ਨੇ ਤਿੰਨ ਲੋਕ 'ਆਕਾਸ਼ ਮਾਤ ਤੇ ਪਤਾਲ' ਅਤੇ ਮੁਸਲਮਾਨ ਵਿਸ਼ਵਾਸ਼ ਅਨੁਸਾਰ ਚੌਦਾਂ ਤਬਕ, ਸਤ ਅਕਾਸ਼ ਤੇ ਸਤ ਪਾਤਾਲ ਮੰਨੇ ਹੋਏ ਸਨ ਪਰੰਤੂ ਗੁਰੂ ਜੀ ਨੇ 'ਪਾਤਾਲਾਂ ਪਾਤਾਲ ਲਖ ਆਗਾਸ ਆਗਾਸ' ਦਾ ਮਹਾਨ ਇਨਕਲਾਬੀ ਵਿਸ਼ਵਾਸ਼ ਸੰਸਾਰ ਦੇ ਸਾਹਮਣੇ ਰਖਿਆ ਅਤੇ 'ਧਰਤੀ ਹੋਰੁ ਪਰੈ ਹੋਰੁ ਹੋਰੁ' ਦਸ ਕੇ ਹਿੰਦੂਆਂ ਦਾ ਧਰਤੀ ਹੇਠ ਧੌਲ ਦੇ ਖੜੇ ਹੋਣ ਦੇ ਪ੍ਰਚਲਤ ਵਿਸ਼ਵਾਸ਼ ਦਾ 'ਧੌਲੁ ਧਰਮੁ ਦਇਆ ਕਾ ਪੂਤੁ । ਸੰਤੋਖ ਥਾਪਿ ਰਖਿਆ ਜਿਨਿ ਸੂਤਿ' ਦਸ ਕੇ ਵਿਗਿਆਨਕ ਵਿਆਖਿਆ ਕੀਤੀ ।

ਕਰਮ ਕਾਂਡੀ ਅਤੇ ਸ਼ਰਈ ਲੋਕਾਂ ਨੂੰ ਠੀਕ ਅਗਵਾਈ ਦੇਣ ਲਈ, ਅਤੇ ਧਰਮ ਤੇ ਮਜ਼ਹਬ ਦੀ ਗਲਤ ਵਰਤੋਂ ਕਰਨ ਅਤੇ ਧਰਮ ਦੇ ਨਾਮ ਤੇ ਅਧਰਮ ਕਮਾਉਣ ਵਾਲੇ ਲੋਕਾਂ ਪ੍ਰਤੀ ਉਚਾਰੇ ਕਰੜੇ ਪਰ ਖਰੇ ਖਰੇ ਬਚਨ ਗੁਰੂ ਜੀ ਦੇ ਡੂੰਘੇ ਕ੍ਰਾਂਤੀਕਾਰੀ ਸੁਭਾਉ ਦੇ ਸੂਚਕ ਹਨ । ਆਪ ਦੇ ਕਥੇ ਅਜੇਹੇ ਸਾਰੇ ਵਿਚਾਰ ਜਿਨ੍ਹਾਂ ਰਾਹੀਂ ਆਪ ਸੂਤਕ ਪਾਤਕ, ਗਊ ਬ੍ਰਹਿਮਣ ਤੇ ਪਿਤਰ ਪੂਜਾ, ਜਨੇਊ ਵਿਕਾਹ ਨਿਕਾਹ ਸੁਨੱਤ ਰੋਜ਼ੇ ਨਿਮਾਜ਼ ਦੀ ਹਜ ਤੀਰਥ ਯਾਤਰਾ ਅਤੇ ਅਠ ਸਠ ਤੇ ਪ੍ਰਿਆਗ ਇਸ਼ਨਾਨ ਦੀ ਅਸਲੀਅਤ ਨੂੰ ਨੰਗਾ ਕਰਦੇ ਅਤੇ ਵੇਦ ਪਾਠਾਂ ਤੇ ਕੁਰਾਨ ਹਦੀਸ ਦੀ ਗਲਤ ਤੇ ਨਾਜਾਇਜ਼ ਵਰਤੋਂ ਬਾਰੇ ਗਹਿਰੀ ਪੜਚੋਲ ਕਰਦੇ ਹਨ ਵਿਸ਼ੇਸ਼ ਤੋਰ ਪ੍ਰਭਾਵ ਪੂਰਤ ਹਨ । ਆਪ ਨੇ ਵੇਖਿਆ ਕਿ ਭਾਵੇਂ ਮੰਦਰਾਂ ਅਤੇ ਮਸਜਦਾਂ ਅੰਦਰ ਲੋਕਾਂ ਦੀ ਆਵਾਜਾਈ ਘਟ ਨਹੀਂ ਅਤੇ ਨ ਮੰਤਰ ਪਾਠਾਂ ਨਿਮਾਜ਼ਾਂ ਤੇ ਸਿਜਦਿਆਂ ਵਿਚ ਹੀ ਕੋਈ ਕਸਰ ਹੈ ਪਰੰਤੂ ਨਿਤਾਪ੍ਰਤ ਦੇ ਅਮਲੀ ਜੀਵਨ ਅੰਦਰ ਪਾਠਾਂ

ਤੇ ਸਿਜਦਿਆਂ ਵਿਚ ਹੀ ਕੋਈ ਅਸਰ ਨਹੀਂ ਰਿਹਾ ਅਥਵਾ ਦੀਨ ਧਰਮ ਦੀ ਜਗਾ ਮਸਜਦ ਦੀ ਮਿਹਰਾਬ ਅਤੇ ਦੇਵਲ ਦੀ ਦਲ੍ਹੀਜ਼ ਦੇ ਅੰਦਰ ਸੀ; ਮੰਦਰੋਂ ਮਸਜਦੋਂ ਬਾਹਰ ਨਿਤ ਦਾ ਵਿਹਾਰ ਕਾਰ ਧਰਮ ਜਾਂ ਆਚਾਰ ਭਾਵਨਾਂ ਤੋਂ ਸਖਣਾ ਹੋ ਚੁਕਾ ਸੀ। ਵਡੇ ਵੇਦ ਪਾਠੀ ਜਾਂ ਸ਼ਰਈ ਤੇ ਨਿਮਾਜ਼ੀ ਤਥਾ ਤੀਰਥ ਯਾਤਰੀ ਜਾਂ ਹਾਜੀ ਲੋਕ ਇਹ ਦ੍ਰਿੜ ਕੀਤੇ ਹੋਏ ਸਨ ਕਿ ਨਿਤਾਪ੍ਰਤ ਦੇ ਜੀਵਨ ਵਿਚ ਕਮਾਏ ਕੁਕਰਮ ਤੇ ਠਗੀਆਂ ਨਿਮਾਜ਼ਾਂ ਅਤੇ ਪਾਠਾਂ ਨਾਲ ਧੋਤੇ ਜਾਂਦੇ ਹਨ ਅਤੇ ਆਦਮੀ ਮਾੜੇ ਕੰਮ ਕਰਦਾ ਹੋਇਆ ਤੀਰਥ ਨਹਾ ਕੇ ਜਾਂ ਮੱਕੇ ਹੱਜ ਕਰਕੇ ਆਪਨੇ ਕੀਤੇ ਗੁਨਾਹਾਂ ਦੀ ਮੈਲ ਆਪਣੇ ਮਨ ਤੋਂ ਲਾਹ ਸਕਦਾ ਹੈ। ਅਜੇਹੇ ਭੁਲੇਖੇ ਵਿਚ ਪਏ ਸਮਾਜ ਅੰਦਰ ਕਿਸੇ ਤਬਦੀਲੀ ਦਾ ਲਿਆਉਣਾ ਆਪ ਦੀ ਜ਼ਬਰਦਸਤ ਕ੍ਰਾਂਤੀਕਾਰ ਸ਼ਖ਼ਸੀਅਤ ਦਾ ਵਡਾ ਸਬੂਤ ਹੈ। ਗੁਰੂ ਜੀ ਨੇ ਐਸੇ ਅੰਦੋਲਨ ਦੀ ਨੀਂਹ ਵਡੀ ਮਜ਼ਬੂਤੀ ਨਾਲ ਧਰੀ। ਆਪ ਨੇ ਜਾਂਚ ਲਿਆ ਹੋਵੇਗਾ ਕਿ ਕੋਈ ਕ੍ਰਾਂਤੀਕਾਰ ਅੰਦੋਲਨ ਨਿਜੀ ਤੌਰ ਉਸ ਦੇ ਵਿਚ ਵੜੇ ਬਿਨਾਂ ਨਹੀਂ ਚਲ ਸਕਦਾ, ਇਸ ਲਈ ਜਿਸ ਸਮਾਜ ਵਿਚ ਆਪ ਇਹ ਇਨਕਲਾਬ ਲਿਆਉਣਾ ਚਾਹੁੰਦੇ ਸਨ ਆਪ ਉਸ ਦੇ ਅਤੀ ਘਮਸਾਨ ਅੰਦਰ ਨਿਧੜਕ ਹੋਕੇ ਦਾਖ਼ਲ ਹੋਏ, ਸਮਾਜ ਦੇ ਹਰ ਦੁਖ ਸੁਖ ਨੂੰ ਅਪਨਾਇਆ, ਸਮਾਜ ਦੀ ਰਹਿਣੀ ਬਹਿਣੀ, ਰਸਮਾਂ ਰੀਤਾਂ, ਮੇਲਿਆਂ, ਤਿਉਹਾਰਾਂ, ਥਾਂ ਥਾਂ ਦੀ ਬੋਲੀ ਤੇ ਭਾਸ਼ਾ ਅਤੇ ਸਮਾਜ ਦੇ ਮਜ਼ਹਬੀ ਅਦਾਰਿਆਂ ਮਜਲਸਾਂ ਤੇ ਗੋਸ਼ਟੀਆਂ ਨੂੰ ਅਪਨਾਇਆ। ਨਿਰਾ ਸਾਧੂਆਂ, ਸੰਤਾਂ, ਪੀਰਾਂ, ਫ਼ਕੀਰਾਂ ਜਾਂ ਸਿੱਧਾਂ ਜੋਗੀਆਂ ਪਾਸ ਹੀ ਨਹੀਂ ਗਏ ਬਲਕਿ ਚੋਰਾਂ, ਡਾਕੂਆਂ ਠਗਾਂ ਬਦਮਾਸ਼ਾਂ, ਰਾਜ ਤੇ ਜ਼ਾਤ ਅਭਮਾਨੀਆਂ, ਵੈਸ਼ਨਵਾਂ ਨੀਚ ਤੇ ਉਚ ਜ਼ਾਤੀਆਂ, ਜਾਬਰਾਂ, ਨਵਾਬਾਂ ਅਤੇ ਬਾਦਸ਼ਾਹਾਂ ਨਾਲ ਸਿੱਧੀ ਟੱਕਰ ਲੈਣ ਤੋਂ ਭੀ ਸੰਕੋਚ ਨਹੀਂ ਕੀਤਾ। ਇਹਨਾਂ ਸਾਰੇ ਮੇਲ ਮੁਲਾਕਾਤਾਂ ਬੈਠਕਾਂ ਤੇ ਮਿਲਾਉਣੀਆਂ ਅੰਦਰ ਸਭ ਤੋਂ ਬਹੁਤਾ ਪ੍ਰਭਾਵ ਗੁਰੂ ਜੀ ਦੇ ਨਿਜੀ ਜੀਵਨ ਸੰਸਕਾਰਾਂ, ਆਪ ਦੇ ਅਤਿ ਮਿਠੇ ਸਿਨਿਮਰ ਤੇ ਕੋਮਲ ਬਚਨਾਂ ਅਤੇ ਹਰ ਕਿਸੇ ਨਾਲ ਪਿਆਰ ਭਰੇ ਅਤੇ ਸਰੋਤੇ ਦੇ ਅੰਦਰ ਧਸ ਜਾਣ ਵਾਲੇ ਭਾਵਪੂਰਤ ਸ਼ਬਦਾਂ ਦੀ ਵਰਤੋਂ ਦਾ ਹੁੰਦਾ ਸੀ। ਆਪ ਦੇ ਬੋਲ ਹਰ ਕਿਸੇ ਨਾਲ ਭਾਵੇਂ ਉਹ ਵੈਰ ਭਾਵਨਾ ਲੈ ਕੇ ਆਇਆ ਜਾਂ ਕਿਸੇ ਹੋਰ ਭਾਵਨਾ ਨਾਲ, ਇਤਨੇ ਰਸ ਮਈ ਤੇ ਪ੍ਰਭਾਵ ਪੂਰਤ ਹੁੰਦੇ ਕਿ ਭਿਆਨਕ ਤੋਂ ਭਿਆਨਕ ਦਸ਼ਾ ਭੀ ਸੁਭਾਵਕ ਬਲਕਿ ਸਨੇਹ ਭਰਪੂਰ ਸੂਰਤ ਅਖ਼ਤਿਆਰ ਕਰ ਲੈਂਦੀ। ਉਪਰ ਲਿਖੀਆਂ ਹਰਦੁਆਰ, ਕੁਰਖੇਤਰ, ਮੱਕੇ ਅਤੇ ਬਗ਼ਦਾਦ ਦੀਆਂ ਸਾਰੀਆਂ ਘਟਨਾਵਾਂ ਅਤੇ ਜਗਨ ਨਾਥ ਪੁਰੀ ਤੇ ਸੁਲਤਾਨਪੁਰ ਆਦਿ ਦੇ ਵਾਕਿਆਤ ਗੁਰੂ ਜੀ ਦੀ ਇਸ ਉਚਤਮ ਵਡਿਆਈ ਦੀਆਂ ਸਾਖੀ ਹਨ, ਪਰੰਤੂ ਆਪ ਦੇ ਬਚਨਾਂ ਦੀ ਮਿਠਾਸ ਤੇ ਆਪ ਦੀ ਸੁਹਿਰਦਤਾ ਕਿਸੇ ਕੀਮਤ ਤੇ ਆਪ ਦੇ ਇਨਕਲਾਬੀ ਖ਼ਿਆਲਾਂ ਦੀ ਸਚਾਈ ਅਤੇ ਮਹੱਤਤਾ ਵਿਚ ਫ਼ਰਕ ਨ ਆਉਣ ਦੇਂਦੇ ਅਥਵਾ ਆਪ ਦੀਆਂ ਸਚੀਆਂ ਅਤੇ ਖਰੀਆਂ ਖਰੀਆਂ ਗੱਲਾਂ ਭੀ ਸੁਣਨ ਵਾਲਿਆਂ ਨੂੰ ਪਿਆਰੀਆਂ ਲਗਦੀਆਂ ਅਤੇ ਉਹਨਾਂ ਦੇ ਮਨਾਂ ਅੰਦਰ ਗੁਰੂ ਜੀ ਲਈ ਪੂਰਨ ਸਤਕਾਰ ਤੇ ਆਦਰ ਪੈਦਾ ਕਰ ਦੇਂਦੀਆਂ। ਇਹੋ ਆਪ ਦੇ ਹਥ ਵਿਚ ਸਭ ਤੋਂ ਵਡੀ ਕਰਾਮਾਤ ਸੀ ਜਿਸ ਦੇ ਬਲ ਸਦਕਾ ਗੁਰੂ ਜੀ ਨੇ :—


www.AKJ.Org

ਉਗਵਨ ਤੇ ਆਥਵਣ ਨਉਖੰਡ ਪ੍ਰਿਥਵੀ ਸਭ ਝੁਕਾਈ।
(ਭਾਈ ਗੁਰਦਾਸ)

ਗੁਰੂ ਜੀ ਦੀ ਸਿਧਾਂ ਨਾਲ ਹੋਈ ਗਲ ਬਾਤ ਦੇ ਹਵਾਲੇ ਭਾ: ਗੁਰਦਾਸ ਜੀ ਆਪਣੀ ਪਹਿਲੀ ਵਾਰ ਦੀ ੪੩ ਵੀਂ ਪਉੜੀ ਵਿਚ ਲਿਖਦੇ ਹਨ :-

'ਬਾਬਾ ਬੋਲੇ ਨਾਥ ਜੀ
ਸ਼ਬਦ ਸੁਨਹੁ ਸਚ ਮੁਖਹੁ ਅਲਾਈ।
ਬਾਝਹੁ ਸਚੇ ਨਾਮ ਦੇ
ਹੋਰ ਕਰਾਮਾਤ ਅਸਾਥੇ ਨਾਹੀ।

ਭਾਈ ਗੁਰਦਾਸ ਜੀ ਗੁਰੂ ਨਾਨਕ ਦੇਵ ਜੀ ਦੀ ਇਸ ਵਡਿਆਈ ਨੂੰ ਕਰਤਾ ਪੁਰਖ ਵਾਹਿਗੁਰੂ ਦੀ ਆਪ ਉਪਰ ਉਚੇਚੀ ਬਖਸ਼ਸ਼ ਸਮਝਦੇ ਹੋਏ ਇਸਦਾ ਜ਼ਿਕਰ ਇਉਂ ਕਰਦੇ ਹਨ :-

'ਪਹਿਲਾਂ ਬਾਬੇ ਪਾਇਆ ਬਖਸ਼ ਦਰ,
ਪਿਛੋਂ ਦੇ ਫਿਰ ਘਾਲ ਕਮਾਈ ॥
ਰੇਤ ਅਕ ਅਹਾਰ ਕਰ ਰੋੜਾਂ ਕੀ ਗੁਰ ਕਰੀ ਵਛਾਈ।
ਭਾਰੀ ਕਰੀ ਤਪੱਸਿਆ,
ਵਡੇ ਭਾਗ ਹਰਿ ਸਯੋਂ ਬਣ ਆਈ ॥
ਬਾਬਾ ਪੈਧਾ ਸਚਖੰਡ
ਨਉ ਨਿਧਿ ਨਾਮ ਗਰੀਬੀ ਪਾਈ ॥
(ਵਾਰ ੧, ਪਉੜੀ ੨੪)

ਇਸੇ ਲਈ ਗੁਰੂ ਅਮਰਦਾਸ ਜੀ ਨੇ ਫੁਰਮਾਇਆ ਹੈ :

'ਸਾ ਸਿਧਿ ਸਾ ਕਰਮਾਤ ਹੈ,
ਅਚਿੰਤ ਕਰੇ ਜਿਸ ਦਾਤ'
(ਵਾਰ ਸੋਰਠ ਮ: ੩)

ਗੁਰੂ ਨਾਨਕ ਦੇਵ ਜੀ ਦੀ ਜਿਸ ਨਿੰਮਰਤਾ (ਗਰੀਬੀ) ਦਾ ਵਰਨਣ ਭਾਈ ਗੁਰਦਾਸ ਜੀ ਨੇ ਉਪਰ ਦਿਤੀਆਂ ਤੁਕਾਂ ਅੰਦਰ ਵਿਸ਼ੇਸ਼ ਕਰ ਕੇ ਕੀਤਾ ਹੈ ਉਸ ਦੇ ਬਹੁਤ ਵਡੇ ਧਾਰਨੀ ਹੁੰਦੇ ਹੋਏ ਭੀ ਗੁਰੂ ਜੀ ਇਕ ਵਡੇ ਕ੍ਰਾਂਤੀਕਾਰੀ ਅੰਦੋਲਨ ਦੇ ਬਾਨੀ ਸਨ। ਪ੍ਰਗਟ ਰੂਪ ਵਿਚ ਇਨਕਲਾਬ ਅਤੇ ਨਿੰਮਰਤ (ਗਰੀਬ) ਸੁਭਾਵ ਦੋ ਵਿਰੋਧ ਵਾਲੇ ਅੰਸ਼ ਦਿਖਾਈ ਦੇਂਦੇ ਹਨ ਅਤੇ ਇਨ੍ਹਾਂ ਦੋਹਾਂ ਗੁਣਾਂ ਦਾ ਇਕ ਵਿਅਕਤੀ ਅੰਦਰ ਭਰਪੂਰ ਹੋਣਾ ਅਸਚਰਜ ਗਲ ਲਗਦੀ ਹੈ ਪਰੰਤੂ ਇਹੋ ਅਸਚ੍ਰਜਤਾ ਗੁਰੂ ਨਾਨਕ ਜੀ ਦੀ ਮਹਾਂਨ ਵਡਿਆਈ ਹੈ। ਗੁਰੂ ਜੀ ਦੇ ਕ੍ਰਾਂਤੀਕਾਰੀ ਕਰਮ ਪਰੰਤੂ ਅਤ ਮਿਠੇ ਤੇ ਸਨਿਮਰ ਸੁਭਾ ਦੀਆਂ ਕਈ ਮਿਸਾਲਾਂ ਉਪਰ ਵੇਖ ਚੁਕੇ ਹਾਂ ਪਰੰਤੂ ਆਪ ਦੇ ਕੁਝ ਕੁ ਬਚਨਾਂ ਦੇ ਹਵਾਲੇ ਇਨਾਂ ਨੂੰ ਹੋਰ ਵਧੇਰੇ ਸਪਸ਼ਟ ਕਰਣਗੇ।

ਬ੍ਰਹਾਮਣ, ਜਿਸ ਨੂੰ ਸਮੇਂ ਦਾ ਹਿੰਦੂ ਸਮਾਜ ਦੇਵ ਸਮਾਨ ਪੂਜਦਾ ਸੀ, ਬਾਰੇ ਗੁਰੂ ਜੀ ਕਿਤਨਾ ਸਪਸ਼ਟ ਕਹਿੰਦੇ ਹਨ :-

ਪੜਿ ਪੁਸਤਕ ਸੰਧਿਆ ਬਾਦੰ।
ਸਿਲ ਪੂਜਸਿ ਬਗਲ ਸਮਾਧੰ।
ਮੁਖਿ ਝੂਠ ਬਿਭੂਖਣ ਸਾਰੰ।
ਤ੍ਰੈਪਾਲ ਤਿਹਾਲ ਬਿਚਾਰੰ।
ਗਲਿ ਮਾਲਾ ਤਿਲਕੁ ਲਿਲਾਟੰ।
ਦੁਇ ਧੋਤੀ ਬਸਤ੍ਰ ਕਪਾਟੰ।
ਅਤੇ (ਵਾਰ ਆਸਾ ਮ: ੧)

ਮਾਣਸ ਖਾਣੇ ਕਰਹਿ ਨਿਵਾਜ।
ਛੁਰੀ ਵਗਾਇਨਿ ਤਿਨ ਗਲਿ ਤਾਗ।
ਤਿਨ ਘਰਿ ਬ੍ਰਹਮਣ ਪੂਰਹਿ ਨਾਦ।
ਉਨਾ ਭਿ ਆਵਹਿ ਓਈ ਸਾਦ।
ਕੂੜੀ ਰਾਸਿ ਕੂੜਾ ਵਾਪਾਰੁ।
ਕੂੜ ਬੋਲ ਕਰਹਿ ਆਹਾਰੁ।
ਸਰਮ ਧਰਮ ਕਾ ਡੇਰਾ ਦੂਰਿ।
ਨਾਨਕ ਕੂੜੁ ਰਹਿਆ ਭਰਪੂਰਿ।


www.AKJ.Org

ਮਥੈ ਟਿਕਾ ਤੇੜਿ ਧੋਤੀ ਕਖਾਈ।
ਹਥ ਛੁਰੀ ਜਗਤ ਕਾਸਾਈ।

ਸਮੇਂ ਦੀ ਹਕੂਮਤ ਦਾ ਕੋਝਾ ਨਕਸ਼ਾ ਖਿਚਦੇ ਹੋਏ ਮੁਰਦਾ ਹੋ ਚੁਕੀ ਲੋਕ ਰਾਏ ਨੂੰ ਮੁੜ ਸੁਰਜੀਤ ਕਰਨ ਦੇ ਯਤਨ ਵਿਚ ਆਪ ਦਸਦੇ ਹਨ ਕਿ ਹਾਕਮ ਗਰੀਬ ਮਾਰ ਕਰਨ ਵਾਲੇ ਸ਼ੀਂਹ ਦੀ ਨਿਆਈਂ ਅਤੇ ਉਹਨਾਂ ਦੇ ਮੁਸਾਹਿਬ ਕੁਤਿਆਂ ਦੀ ਨਿਆਈਂ ਹਨ। ਉਨ੍ਹਾਂ ਦਾ ਰਿਆਇਆ ਨਾਲ ਵਤੀਰਾ ਵੇਖ ਕੇ ਛੋਟੇ ਕਰਮਚਾਰੀ ਨਹੁੰਦਰਾਂ ਮਾਰ ੨ ਕੇ ਗਰੀਬਾਂ ਨੂੰ ਫੱਟੜ ਕਰਦੇ ਅਤੇ ਕੁਤਿਆਂ ਰੂਪੀ ਮੁਸਾਹਿਬਾਂ ਨਾਲ ਮਿਲਕੇ ਰਿਆਇਆ ਦਾ ਲਹੂ ਪੀਂਦੇ ਹਨ ਅਥਵਾ ਵਡੇ ਹਾਕਮਾਂ ਦਾ ਭ੍ਰਿਸ਼ਟਾਚਾਰੀ ਵਤੀਰਾ ਛੋਟੇ ਕਰਮਚਾਰੀਆਂ ਨੂੰ ਸ਼ਹਿ ਦੇ ਕੇ ਉਹਨਾਂ ਦੀ ਰਾਹੀਂ ਗਰੀਬ ਜਨਤਾ ਦੀ ਰਤੂ ਨਹਾ ਰਿਹਾ ਹੈ।

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ।

ਆਮ ਲੋਕਾਂ ਨੂੰ ਲੋਭ ਤੇ ਪਾਪ ਨੇ ਅੰਨ੍ਹਿਆਂ ਕੀਤਾ ਹੋਇਆ ਹੈ ਹਰ ਗਲ ਵਿਚ ਝੂਠ ਪ੍ਰਧਾਨ ਹੈ। ਕਾਮ ਤੇ ਕਰੋਧ ਦੇ ਵਸ ਹੋਏ ਜ਼ੋਰ ਵਾਲੇ ਮਨੁਖ ਗਰੀਬਾਂ ਨਾਲ ਧੱਕਾ ਤੇ ਜ਼ੁਲਮ ਕਰਦੇ ਹਨ ਪਰ ਉਹ ਅਣਖ ਹੀਨ ਭੋਲੇ ਗਰੀਬ ਜ਼ਾਲਮਾਂ ਦੀਆਂ ਖੋਟੀਆਂ ਨੀਯਤਾਂ ਤੋਂ ਅਣਜਾਣੂੰ ਮੁੜ ਉਹਨਾਂ ਦਾ ਹੀ ਪਾਣੀ ਭਰਦੇ ਹਨ। ਅਜੇਹੇ ਖ਼ਿਆਲ ਹੇਠਲੇ ਪੱਧਰ ਦੇ ਲੋਕਾਂ ਨੂੰ ਦੇ ਕੇ ਸਰਮਾਏਦਾਰੀ ਦਾ ਜੂਲਾ ਲਾਹ ਸੁਟਣ ਦੀ ਪਰੇਰਨਾ ਕਿਤਨੇ ਸੁੰਦਰ ਸ਼ਬਦਾਂ ਵਿਚ ਦਿਤੀ ਹੈ :–

ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ
ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ।
ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ।

ਫਿਰ ਮਜ਼ਲੂਮ ਹਿੰਦੂ ਰਿਆਇਆ ਅੰਦਰ ਜ਼ਾਲਮ ਪਠਾਨ ਹਕੂਮਤ ਦੇ ਵਿਰੁਧ ਸਾਹਸ ਭਰਣ ਲਈ ਉਨ੍ਹਾਂ ਦੀ ਅਣਖ ਨੂੰ ਕਿਸ ਤਰ੍ਹਾਂ ਟੁੰਬਿਆ ਹੈ :—

ਆਦਿ ਪੁਰਖ ਕਉ ਅਲਹੁ ਕਹੀਐ ਸੇਖਾ ਆਈ ਵਾਰੀ
ਦੇਵਲ ਦੇਵਤਿਆ ਕਰੁ ਲਾਗਾ ਐਸੀ ਕੀਰਤਿ ਚਾਲੀ।
ਕੂਜਾ ਬਾਂਗ ਨਿਵਾਜ ਮੁਸਲਾ ਨੀਲ ਰੂਪ ਬਨਵਾਰੀ।
ਘਰਿ ਘਰਿ ਮੀਆ ਸਭਨਾ ਜੀਆ ਬੋਲੀ ਅਵਰ ਤੁਮਾਰੀ

ਗੁਰੂ ਨਾਨਕ ਦੇਵ ਜੀ ਦਾ ਉਕਤ ਜੁਗ ਪਲਟਾਊ ਅੰਦੋਲਨ ਪੂਰਨ ਰੂਪ ਵਿਚ ਭਾਵੇਂ ਆਪ ਤੋਂ ਦੋ ਸਦੀਆਂ ਪਿਛੋਂ ਅਗੰਮੜੇ ਮਰਦ ਗੁਰੂ ਗੋਬਿੰਦ ਸਿੰਘ ਦੇ ਸਮੇਂ ਫਲੀਭੂਤ ਹੋਇਆ, ਪਰੰਤੂ ਇਸ ਦੀ ਨੀਂਹ ਗੁਰੂ ਨਾਨਕ ਦੇਵ ਜੀ ਦੀ ਕ੍ਰਾਂਤੀਕਾਰ ਸ਼ਖਸੀਅਤ ਵਲੋਂ ਪੰਦਰਵੀਂ ਸਦੀ ਈਸਵੀ ਵਿਚ ਰਖੀ ਜਾ ਚੁਕੀ ਸੀ। ਜਿਸ ਸਾਮਰਾਜ ਅਤੇ ਸਰਮਾਏਦਾਰੀ ਵਿਰੁਧ ਯੂਰਪ ਨੇ ਅਠਾਰਵੀਂ ਸਦੀ ਵਿਚ ਲਿਬਰਟੀ ਤੇ ਈਕੁਐਲਿਟੀ (ਅਜ਼ਾਦੀ ਤੇ ਸਮਾਨਤਾ) ਦਾ ਝੰਡਾ ਉਚਾ ਕੀਤਾ ਅਤੇ ਜਿਸਨੂੰ ਵੀਹਵੀਂ ਸਦੀ ਦੇ ਅਰੰਭ ਵਿਚ ਰੂਸ ਨੇ ਅਤੇ ਮਧ ਵਿਚ ਚੀਨ ਨੇ ਮਜ਼ਦੂਰ ਤੇ ਕਿਸਾਨ ਦੇ ਪੱਖ ਪੂਰਦੇ ਹੋਏ ਕਮਯੂਨਿਜ਼ਮ ਦਾ ਨਾਮ ਦਿਤਾ, ਉਹੋ ਅੰਦੋਲਨ ਭਾਰਤ ਅੰਦਰ ਪੰਦਰਵੀਂ ਸਦੀ ਵਿਚ ਗੁਰੂ ਨਾਨਕ ਦੇਵ ਜੀ ਨੇ ਇਹਨਾਂ ਸ਼ਬਦਾਂ ਨਾਲ ਅਰੰਭ ਕੀਤਾ ਸੀ :—

ਨੀਚਾਂ ਅੰਦਰ ਨੀਚ ਜਾਤ ਨੀਚੀ ਹੂ ਅਤਿ ਨੀਚ।
ਨਾਨਕ ਤਿਨ ਕੈ ਸੰਗ ਸਾਥ ਵਡਿਆ ਸਿਉ ਕਿਆ ਰੀਸ।

ਇਹ ਕਹਿੰਦੇ ਹੋਏ ਹਥੀਂ ਕਿਰਤ ਕਰਨ ਵਾਲੇ ਲਾਲੋ ਤਰਖਾਣ ਦੀ ਸੁਕੀ ਕੋਧਰੇ ਦੀ ਰੋਟੀ ਨੂੰ ਸਰਮਾਏਦਾਰੀ ਦੇ ਕੜਾਹ ਤੇ ਪੂੜਿਆਂ ਉਪਰ ਤਰਜੀਹ ਦਿਤੀ ਸੀ। ਗੁਰੂ ਨਾਨਕ ਦੇ ਇਸ ਅੰਦੋਲਨ ਅਤੇ ਅਜ ਦੇ ਕਿਸਾਨ


www.AKJ.Org

ਮਜ਼ਦੂਰ ਪੱਖੀ ਕਮਯੂਨਿਜ਼ਮ ਵਿਚ ਫ਼ਰਕ ਕੇਵਲ ਇਤਨਾ ਸੀ ਕਿ ਜਿਥੇ ਅਜ ਦਾ ਕਮਯੂਨਿਸਟ ਵਿਰੋਧੀ ਹੋਂਦ ਨੂੰ ਮਲੀਆਮੇਟ ਕਰ ਕੇ ਉਸ ਦੀ ਕਤਲਗਾਹ ਉਤੇ ਉਸੇ ਦੀਆਂ ਹਡੀਆਂ ਤੇ ਮਿੱਝ ਦੇ ਮਸਾਲੇ ਨਾਲ ਭਰੀ ਨੀਂਹ ਉਪਰ ਕਮਯੂਨਿਜ਼ਮ ਦੀ ਉਸਾਰੀ ਕਰਦਾ ਹੈ, ਉਥੇ ਗੁਰੂ ਨਾਨਕ ਦੇਵ ਜੀ ਦਾ ਕ੍ਰਾਂਤੀਕਾਰ ਅੰਦੋਲਨ ਆਪਣੀ ਪਿਆਰ ਭਾਵਨਾ ਅਤੇ ਵਿਚਾਰ ਦੇ ਪ੍ਰਭਾਵ ਸਦਕਾ ਸਰਮਾਏਦਾਰੀ ਨੂੰ ਸੇਵਾ ਤੇ ਸਾਂਝੀਵਾਲਤਾ ਵਿਚ ਪਲਟਦਾ ਅਤੇ ਉਸ ਨੂੰ 'ਏਕ ਪਿਤਾ ਏਕਸ ਕੇ ਹਮ ਬਾਰਕ' ਦੀ ਸਦਭਾਵਨਾ ਦੇਂਦਾ ਹੈ। ਇਸ ਦੀਆਂ ਮਿਸਾਲਾਂ ਇਤਹਾਸ ਦੇ ਪਤਰਿਆਂ ਤੇ ਭੂਮੀਆ ਚੋਰ, ਸੱਜਣ ਠਗ, ਹਮਜ਼ਾ ਗੌਂਸ ਪੀਰ, ਰਾਜਾ ਸ਼ਿਵਨਾਭ ਅਤੇ ਮਲਕ ਭਾਗੋ ਦੇ ਬਿਰਤਾਤਾਂ ਅੰਦਰ ਸਪਸ਼ਟ ਹਨ। ਇਤਨਾ ਹੀ ਨਹੀਂ। ਬਲਕਿ ਜਿਥੇ ਕਮਯੂਨਿਜ਼ਮ ਦਾ ਨਿਸ਼ਾਨਾ ਸਭ ਲਈ ਸਮਾਨ 'ਗੁਲੀ ਜੁਲੀ ਤੇ ਕੁਲੀ' ਦਾ ਦੇਣਾ ਦਸਿਆ ਜਾਂਦਾ ਹੈ ਅਤੇ ਇਹੋ ਮਨੁਖ ਦਾ ਅੰਤਮ ਆਦਰਸ਼ ਹੈ ਜਿਸ ਨੂੰ ਲੈ ਕੇ ਸੋਸ਼ਲਿਜ਼ਮ ਤਥਾ ਕਮਯੂਨਿਜ਼ਮ ਹੋਂਦ ਵਿਚ ਆਏ, ਉਥੇ ਗੁਰੂ ਨਾਨਕ ਦੇਵ ਜੀ ਦਾ ਇਨਕਲਾਬ ਸੇਵਾ ਤੇ ਸਾਂਝੀਵਾਲਤਾ ਦੀ ਭਾਵਨਾ ਦ੍ਰਿੜ ਹੀ ਨਹੀਂ ਕਰਾਉਂਦਾ ਬਲਿਕ ਇਸ ਵਿਚੋਂ ਹੀ ਇਸ ਨੂੰ ਸਭ ਦੇ ਮਾਲਕ ਸਾਂਵੇ ਪਿਤਾ ਪ੍ਰਭੂ ਦੀਆਂ ਅਟੁਟ ਮੇਹਰਾਂ ਤੇ ਬਖਸ਼ਸਾਂ ਦੇ ਝਲਕਾਰੇ ਵਜਦੇ ਹਨ :—

,ਜਿਥੇ ਨੀਚ ਸਮਾਲੀਅਨ,
ਤਿਥੈ ਨਦਰ ਤੇਰੀ ਬਖਸੀਸ'

ਆਪ ਦਾ ਲਿਆਂਦਾ ਇਨਕਲਾਬ ਕਮਯੂਨਿਸਟਾਂ ਦੀ 'ਗੁਲੀ ਜੁਲੀ ਤੇ ਕੁਲੀ' ਦੀਆਂ ਪੰਜਭੂਤਕ ਸਰੀਰਕ ਲੋੜਾਂ ਪੂਰਾ ਕਰਨ ਤੇ ਹੀ ਖਤਮ ਹੋ ਜਾਂਦਾ ਹੈ ਬਲਕਿ ਸਰੀਰ ਦੇ ਨਾਲ ਆਤਨਕ ਭੁਖ ਜੋ ਪ੍ਰਭੂ ਦੀ 'ਨਦਰ' ਤੋਂ ਹੀ ਪੂਰੀ ਹੋ ਸਕਦੀ ਹੈ ਦੀ ਤ੍ਰਿਪਤੀ ਦੇ ਭੀ ਇਹ ਇਨਕਲਾਬ ਸਾਧਨ ਕਰਦਾ ਹੈ।

ਗੁਰੂ ਨਾਨਕ ਦਾ ਨਿਸ਼ਾਨਾ ਸੀ ਮਨੁਖ ਮਾਤਰ ਦੀ ਸਰੀਰਕ ਅਤੇ ਆਤਮਕ ਦੋਹਾਂ ਭੁਖਾਂ ਦਾ ਸਾਧਨ ਕਰਨਾ, ਜਿਸ ਦਾ ਵਸੀਲਾ ਆਪ ਜੀ ਨੇ ਅਜੇਹੇ ਇਨਕਲਾਬ ਅੰਦਰ ਤਕਿਆ ਜੋ ਹਰ ਮਨੁਖ ਨੂੰ ਹਥੀਂ ਕੰਮ ਕਰਣਾ ਅਤੇ ਵੰਡ ਕੇ ਖਾਣਾ ਸਿਖਾਵੇ, ਇਸ ਲਈ ਆਪ ਜੀ ਨੇ ਕਿਹਾ :—

ਘਾਲਿ ਖਾਇ ਕਿਛੁ ਹਥਹੁ ਦੇਹਿ,
ਨਾਨਕ ਰਾਹੁ ਪਛਾਣਹਿ ਸੇਇ ॥

ਜੋ ਹਰ ਕਿਸੇ ਨੂੰ ਆਪਣੇ ਹੱਕ ਤੇ ਕਾਇਮ ਰਹਿਣਾ ਸਿਖਾਵੇ ਅਤੇ ਪ੍ਰਾਈ ਵਸਤੂ ਨੂੰ ਗਊ ਤੇ ਸੂਰ ਦੀ ਕਸਮ ਉਲੰਘਣ ਸਮਾਨ ਜਾਣੇ ਜਿਸ ਨੂੰ ਆਪ ਜੀ ਨੇ ਇਉਂ ਬਿਆਨ ਕੀਤਾ :—

ਹਕ ਪਰਾਇਆ ਨਾਨਕਾ,
ਉਸ ਸੂਅਰ ਉਸ ਗਾਇ ॥

ਅਤੇ ਨਾਲ ਹੀ ਕਿਹਾ :—

ਲਾਲਚੁ ਛੋਡਹੁ ਅੰਧਿਹੋ ਲਾਲਚਿ ਦੁਖੁ ਭਾਰੀ ॥

ਗੁਰੂ ਨਾਨਕ ਜੀ ਦੇ ਲਿਆਂਦੇ ਇਨਕਲਾਬ ਦੇ ਕੋਸ਼ ਅੰਦਰ ਮਨੁਖੀ ਨੇਕੀਆਂ ਦਾ ਤਤ ਮਨ ਦੀ ਗਰੀਬੀ ਤੇ ਰਸਨਾ ਦੀ ਮਿਠਾਸ ਹੈ। ਸੰਸਾਰ ਦੇ ਕਠਨ ਮਰਹਲੇ ਮਿਠਾ ਬੋਲਣ ਅਤੇ ਨਿਉਂ ਚਲਨ ਨਾਲ ਹੱਲ ਹੋ ਜਾਂਦੇ ਹਨ। ਗੁਰੂ ਜੀ ਨੇ ਇਸਦੀ ਵਰਤੋਂ ਆਪਣੇ ਜੀਵਨ ਅੰਦਰ ਪੇਸ਼ ਆਈ ਹਰ ਘਟਣਾ ਸਮੇਂ ਕੀਤੀ ਅਤੇ ਜਦੋਂ ਇਹ ਆਪ ਦੀ ਕਸਵਟੀ ਤੇ ਸੋਲ੍ਹਾਂ ਆਨੇ ਪੂਰੀ ਉਤਰੀ ਤਾਂ ਆਪ ਜੀ ਨੇ ਸਪਸ਼ਟ ਸ਼ੰਸਾਰ ਦੇ ਲੋਕਾਂ ਨੂੰ ਦਸਿਆ—

ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤ ॥

www.AKJ.Org

ਅਤੇ ਇਸ ਦੀ ਪੁਸ਼ਟੀ ਵਿਚ ਕਿਹਾ—

ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥

ਅਤੇ ਫਿਕੇ ਬੋਲ ਦੇ ਮੁਢਲੇ ਕਾਰਨ ਮਨੁਖ ਦੇ ਅੰਦਰ ਦੇ ਕਰੋਧ ਅਤੇ ਕਾਮ ਨੂੰ ਸਮਝਦੇ ਹੋਏ ਇਨ੍ਹਾਂ ਬਾਰੇ ਸੂਚਤ ਕੀਤਾ—

ਕਾਮ ਕਰੋਧ ਕਾਇਆ ਕਉ ਗਾਲੈ ।
ਜਿਉ ਕੰਚਨ ਸੋਹਾਗਾ ਢਾਲੈ ।

ਇਸ ਲਈ ਜੇ ਮਨੁਖ ਸਾਰੇ ਸੰਸਾਰ ਅੰਦਰ ਆਪਣੀ ਜਿੱਤ ਕਾ ਡੰਕਾ ਵਜਿਆ ਵੇਖਣਾ ਲੋੜਦਾ ਹੈ ਤਾਂ ਉਸ ਲਈ ਇਹ ਇਨਕਲਾਬੀ ਅੰਦੋਲਨ ਸਿਰੇ ਦੀ ਸਚਾਈ ਇਹਨਾਂ ਸ਼ਬਦਾਂ ਵਿਚ ਪੇਸ਼ ਕਰਦਾ ਹੈ :

ਮਨਿ ਜੀਤੈ ਜਗੁ ਜੀਤੁ ।

ਇਸ ਤੋਂ ਅਗਲੀ ਗੱਲ ਜੋ ਗੁਰੂ ਜੀ ਦੇ ਚਲਾਏ ਅੰਦੋਲਨ ਦਾ ਮਾਟੋ ਸੀ ਉਹ ਸੀ ਇਹ ਵਿਸ਼ਵਾਸ਼ ਕਿ ਅੰਤ ਜਿੱਤ ਸਚ ਦੀ ਹੀ ਹੋਇਆ ਕਰਦੀ ਹੈ। ਭਾਵੇਂ ਸ਼ੁਰੂ ਵਿਚ ਕੁਝ ਕਾਲ ਸਚ ਹਾਰਦਾ ਅਤੇ ਝੂਠ ਜਿਤਦਾ ਭੀ ਦਿਸ ਆਉਂਦਾ ਹੋਵੇ, ਫਿਰ ਭੀ ਮਨੁਖ ਦੇ ਅੰਦਰ ਇਹ ਦ੍ਰਿੜਤਾ ਹੋਣੀ ਚਾਹੀਦੀ ਹੈ ਅਤੇ ਉਸ ਨੂੰ ਇਸ ਵਿਸ਼ਵਾਸ਼ ਨਾਲ ਕੰਮ ਕਰੀ ਜਾਣਾ ਚਾਹੀਦਾ ਹੈ ਕਿ ਅੰਤ ਨੂੰ ਜਿੱਤ ਸਚ ਦੀ ਹੀ ਹੋਵੇਗੀ ਅਤੇ ਝੂਠੇ ਦਾ ਝੂਠ ਨੰਗਾ ਹੋ ਕੇ ਉਸਨੂੰ ਖੁਆਰ ਕਰੇਗਾ। ਇਸ ਖ਼ਿਆਲ ਨੂੰ ਗੁਰੂ ਜੀ ਨੇ ਇਕ ਤੁਕ ਵਿਚ ਕਿਤਨਾ ਸੁੰਦਰ ਕਥਿਆ ਹੈ :—

ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ।

ਇਸ ਲਈ ਮਨੁਖ ਨੂੰ ਸਚ ਵਲੋਂ ਕਦੇ ਮੂੰਹ ਨਹੀਂ ਮੋੜਨਾ ਚਾਹੀਦਾ ਸਗੋਂ ਸਚੇ ਕਥਨ ਅਤੇ ਸਚੀ ਕਰਨੀ ਲਈ ਦਿਲ ਅੰਦਰ ਉਤਸ਼ਾਹ ਤੇ ਪਿਆਰ ਜਾਗਿਆ ਹੋਣਾ ਚਾਹੀਦਾ ਹੈ। ਜੇ ਸਚਾ ਰਾਹ ਮਨ ਅੰਦਰ ਖੇੜਾ ਨਹੀਂ ਲਿਆਉਂਦਾ ਤਾਂ ਸਚ ਵਿਚ ਹਾਲਾਂ ਕਚ ਹੈ :

ਸਚੁ ਤਾ ਪਰ ਜਾਣੀਐ ਜਾ ਸਚਿ ਧਰੇ ਪਿਆਰੁ ।

ਗੁਰੂ ਜੀ ਦੇ ਕੋਸ਼ ਅੰਦਰ ਸਚ ਦੀ ਬਹੁਤ ਵਡਿਆਈ ਹੈ ਅਤੇ ਸਚ ਨੂੰ ਸਭ ਤੋਂ ਸਰੇਸ਼ਟ ਗੁਣ ਮੰਨਿਆ ਹੈ, ਪਰੰਤੂ ਆਪ ਕਹਿੰਦੇ ਹਨ ਕਿ ਥੀਊਰੀ ਮਾਤਰ ਸਚ ਨੂੰ ਵਡਾ ਮੰਨ ਲੈਣਾ ਕਾਫ਼ੀ ਨਹੀਂ, ਜਦੋਂ ਤਾਈਂ ਸਾਡੀ ਨਿਤਾ ਪ੍ਰਤੀ ਰਹਿਣੀ ਸਚੀ ਨਹੀਂ ਬਣੀ ਜਦੋਂ ਤਕ ਸਾਡੇ ਵਿਹਾਰ ਸਾਡੀ ਵਰਤਣ ਸਾਡੇ ਲੈਣ ਦੇਣ ਵਿਚ ਸਚ ਦਾ ਪ੍ਰਵੇਸ਼ ਨਹੀਂ ਹੋਇਆ ਅਥਵਾ ਸਾਡਾ ਮਨੁਖੀ ਆਚਰਨ ਸਚ ਤੇ ਆਧਾਰਤ ਨਹੀਂ ਹੋਇਆ। ਇਸ ਲਈ ਗੁਰੂ ਜੀ ਦੇ ਵਿਚਾਰ ਅੰਦਰ ਸੁਅਛ ਤੇ ਸਚਾ ਆਚਾਰ ਹੋਣਾ ਮਨੁਖੀ ਜੀਵਨ ਵਿਚ ਸਭ ਤੋਂ ਉਚੀ ਅਵਸਥਾ ਹੈ ।

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ।

ਇਸੇ ਲਈ ਗੁਰੂ ਜੀ ਨੇ ਵਿਖਾਵੇ ਦੇ ਧਰਮੀ ਲੋਕਾਂ ਨੂੰ, ਜੋ ਪਾਠ ਪੂਜਾ ਤਾਂ ਬਹੁਤ ਕਰਦੇ ਹਨ, ਪਰੰਤੂ ਜਿਨ੍ਹਾਂ ਦੀ ਕਰਣੀ ਧਰਮ ਤੇ ਸਚ ਵਾਲੀ ਨਹੀਂ ਕਿਹਾ ਸੀ ਕਿਉਂ ਪਖੰਡ ਕਰਦੇ ਹੋ, 'ਛੋਡੀ ਲੇ ਪਾਖੰਡਾ' ਜਿਸ ਬਹਿਸ਼ਤ ਦੀ ਪ੍ਰਾਪਤੀ ਤੁਸੀਂ ਇਹ ਵਿਖਾਵਾ ਕਰਦੇ ਹੋ ਉਹ ਸਚ ਦੀ ਕਮਾਈ ਤੋਂ ਬਿਨਾਂ ਲਭ ਨਹੀਂ ਸਕਦਾ—ਗਲੀ ਭਿਸਤਿ ਨਾ ਜਾਈਐ ਛੁਟੈ ਸਚ ਕਮਾਇ ਇਸ ਲਈ ਆਪਣੀ ਕਰਣੀ ਨੂੰ ਸੋਹਣਾ ਬਣਾਓ ।

ਕਰਣੀ ਬਾਝਹੁ ਭਿਸਤਿ ਨ ਪਾਇ ।

ਜੇ ਤੁਹਾਡੀ ਕਰਣੀ ਸੁਅਛ ਹੋਵੇਗੀ ਤਦ ਹੀ ਤੁਸੀਂ ਪੂਰਨਤਾ ਨੂੰ ਪੁਜੋਗੇ ।

ਜਹ ਕਰਣੀ ਤਹਿ ਪੂਰੀ ਮਤਿ ।
ਕਰਣੀ ਬਾਝਹੁ ਘਟੇ ਘਟਿ ।

ਇਹ ਸੀ ਇਨਕਲਾਬ ਜੋ ਗੁਰੂ ਜੀ ਲੋਕਾਂ ਦੇ ਨਿਤਾ-ਪ੍ਰਤ ਦੇ ਸਮਾਜਕ ਜੀਵਨ ਅੰਦਰ ਆਇਆ ਵੇਖਣਾ ਲੋੜਦੇ ਸਨ । ਵਰਤਮਾਨ ਕਾਲ ਸਮੇਂ ਵਖੋ ਵਖ ਦੇਸ਼ਾਂ ਅੰਦਰ ਮਨੁਖੀ ਸਮਾਨਤਾ ਕਾਇਮ ਕਰਣ ਹਿਤ ਜੋ ਕ੍ਰਾਂਤੀਕਾਰ ਯੋਜਨਾਵਾਂ ਰਲੀਆਂ, ਜਾਂ ਕਾਲੇ ਗੋਰੇ ਤਥਾ ਊਚ ਨੀਚ ਦੇ ਭੇਦ ਮਿਟਾਉਣ ਲਈ ਅੰਤਰ-ਰਾਸ਼ਟਰੀ ਤੌਰ ਜੋ ਯਤਨ ਅਜ ਭੀ ਕੀਤੇ ਜਾ ਰਹੇ ਹਨ, ਇਹਨਾਂ ਦਾ ਸਭ ਤੋਂ ਸੌਖਾ ਅਤੇ ਸਹਿਜੇ ਦ੍ਰਿੜ ਹੋ ਸਕਣ ਵਾਲਾ ਵਿਚਾਰ ਗੁਰੂ ਨਾਨਕ ਦੇਵ ਜੀ ਨੇ ਅਜ ਤੋਂ ਪੰਜ ਸੌ ਸਾਲ ਪਹਿਲੋਂ 'ਨਾ ਕੋਈ ਹਿੰਦੂ ਨਾ ਮੁਸਲਮਾਨ' ਦਾ ਨਾਹਰਾ ਲਗਾ ਕੇ ਦਿਤਾ ਅਤੇ ਜਦੋਂ ਲੋਕ ਇਸ ਅਸਚਰਜ ਨਾਹਰੇ ਦਾ ਭਾਵ ਸਮਝਣ ਤੋਂ ਅਸਮਰੱਥ ਰਹੇ ਤਾਂ ਆਪ ਨੇ ਇਸ ਨਾਹਰੇ ਦੀ ਵਿਆਖਿਆ—

ਸਭ ਮਹਿ ਜੋਤਿ ਜੋਤ ਹੈ ਸੋਇ ।।

ਕਹਿ ਕੇ ਕੀਤੀ। ਅਤੇ ਰੰਗ ਰੂਪ ਦੇ ਤਫਰਕੇ ਮੰਨਣ ਵਾਲਿਆਂ ਨੂੰ ਕਰੜੇ ਸਬਦਾਂ ਵਿਚ ਸੁਣਾਇਆ–

ਫਕੜ ਜਾਤੀ ਫਕੜ ਨਾਉ,
ਸਭਨਾ ਜੀਆ ਇਕਾ ਛਾਉ ।।

ਬਲਕਿ ਜਦੋਂ ਆਪ ਤੇ ਪ੍ਰਸ਼ਨ ਕੀਤਾ ਗਿਆ ਕਿ ਹਿੰਦੂ ਵਡੇ ਹਨ ਜਾਂ ਮੁਸਲਮਾਨ, ਤਾਂ ਜੋ ਉਤਰ ਆਪ ਨੇ ਦਿਤਾ ਉਸਨੂੰ ਭਾਈ ਗੁਰਦਾਸ ਜੀ ਆਪਣੀ ਪਹਿਲੀ ਵਾਰ ਦੀ ੩੩ ਵੀਂ ਪਉੜੀ ਵਿਚ ਐਉਂ ਲਿਖਦੇ ਹਨ :—

ਪੁਛਨ ਗੱਲ ਈਮਾਨ ਦੀ,
ਕਾਜ਼ੀ ਮੁਲਾਂ ਇਕੱਠੇ ਹੋਈ ।।
ਵਡਾ ਸਾਂਗ ਵਰਤਾਇਆ ।।
ਲਖ ਨ ਸਕੇ ਕੁਦਰਿਤ ਕੋਈ ।।
ਪੁਛੱਣ ਖੋਲ ਕਿਤਾਬ ਨੂੰ ।।
ਵਡਾ ਹਿੰਦੂ ਕਿ ਮੁਸਲਮਾਨੋਈ ।।
ਬਾਬਾ ਆਖੇ ਹਾਜੀਆ,
ਸ਼ੁਭ ਅਮਲਾਂ ਬਾਝੋਂ ਦੋਵੇ ਰੋਈ ।।
ਹਿੰਦੂ ਮੁਸਲਮਾਨ ਦੋਇ,
ਦਰਗਾਹ ਅੰਦਰ ਲੈਣ ਨ ਢੋਈ ।।

ਗੁਰੂ ਨਾਨਕ ਅੰਦੋਲਨ ਅੰਦਰ ਮਨੁਖ ਦੇ ਵਡੇ ਛੋਟੇ ਹੋਣ ਦੀ ਪਰਖ ਕਸਵਟੀ, ਉਸਦੇ ਕੀਤੇ ਕੰਮ ਹਨ। ਇਸ ਕਸਵਟੀ ਤੇ ਪਰਖਿਆ ਮਨੁਖ ਜੇ ਖਰਾ ਹੈ ਤਾਂ ਖਜ਼ਾਨੇ ਦਾਖਲ ਹੋਵੇਗਾ ਪਰੰਤੂ ਖੋਟਿਆਂ ਨੂੰ ਦੂਰ ਵਗਾਹ ਮਾਰਿਆ ਜਾਵੇਗਾ । ਆਪ ਨੇ ਸਪਸ਼ਟ ਕਿਹਾ:

ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ।।

ਪਰੰਤੂ ਅਮਲਾਂ ਦੀ ਕਸਵਟੀ ਉਪਰ ਭੀ ਆਪ ਨੇ ਇਕ ਹੋਰ ਸ਼ਰਤ ਲਗਾਈ ਕਿ—

ਜਿਨੀ ਨਾਮੁ ਧਿਆਇਆ,
ਗਏ ਮਸਕਤਿ ਘਾਲਿ ।।
ਨਾਨਕ ਤੇ ਮੁਖ ਉਜਲੇ,
ਕੇਤੀ ਛੁਟੀ ਨਾਲਿ ।।

ਅਮਲਾਂ ਦੀ ਕਸਵਟੀ ਤੇ ਪਰਖੇ ਜਾ ਕੇ, ਜੇ ਖਰਾ ਹੈ ਤਾਂ ਪ੍ਰਵਾਨ ਜ਼ਰੂਰ ਹੋ ਜਾਵੇਗਾ ਅਤੇ ਜਿਤਨਾ ਵਧੇਰਾ ਖਰਾ ਹੈ ਜੌਹਰੀ ਦੀ ਨਜ਼ਰ ਵਿਚ ਉਸਦੀ ਵਧੇਰੇ ਕੀਮਤ ਹੋਵੇਗੀ ਅਤੇ ਉਤਨਾ ਪਿਆਰਾ ਜੌਹਰੀ ਨੂੰ ਦਿਸ ਪਵੇਗਾ, ਪਰੰਤੂ ਉਸ ਦੀਆਂ ਸੂਖਮ ਘਾਲਣਾ ਜਿਨ੍ਹਾਂ ਨੇ ਉਸਨੂੰ Quintessence ਸੂਖਮ ਤੋਂ ਸੂਖਮ ਤਤ ਦੇ ਤਤਵ ਰੂਪ ਵਿਚ ਲੈ ਜਾਕੇ ਉਸ ਹੋਂਦ ਅੰਦਰ ਸਮਾਉਣਾ ਹੈ ਜਿਸ ਬਾਰੇ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਹੈ—

ਸੂਖਸ਼ਮ ਤੇ ਸੂਖਸ਼ਮ ਕਰ ਚੀਨੇ,
ਬਿਰਧਨ ਬਿਰਧ ਬਤਾਵੈ ।

ਉਹ ਘਾਲਣਾ ਤਦੋਂ ਹੀ ਖਤਮ ਹੋਣਗੀਆਂ ਜਦੋਂ ਮਨੁਖ ਨਾਮ ਸਿਮਰਣ ਵਿਚ ਜੁੜ ਬੈਠੇਗਾ ਅਤੇ ਉਸ ਨੂੰ ਸਿਮਰਦਾ ਹੋਇਆ 'ਜੈਸਾ ਸੇਵਹਿ ਤੈਸਾ ਹੋਵਹਿ' ਉਸ ਦਾ ਰੂਪ ਹੋ ਜਾਵੇਗਾ ਅਥਵਾ ਜਦੋਂ :

ਸਾਜਣ ਮਿਲੇ ਸਹਜਿ ਸੁਭਾਇ ਹਰਿ ਸਿਉ ਪ੍ਰੀਤਿ ਬਣੀ।

ਸਾਜਣ ਦੇ ਇਸ ਸਹਜ ਸੁਭਾ ਮੇਲ ਅੰਦਰ ਸਦੀਵੀ ਖੇੜਾ ਹੈ, ਜੋ ਗੁਰੂ ਨਾਨਕ ਅੰਦੋਲਨ ਦਾ ਸਿਖਰ ਹੈ, ਪਰੰਤੂ ਇਸ ਸਿਖਰ ਤੇ ਪਹੁੰਚ ਸਜਣ ਦੀ ਮੇਹਰ ਦ੍ਰਿਸ਼ਟੀ ਵਿਚ ਹੈ ਜਿਸ ਦੇ ਪਾਤਰ ਬਨਣ ਲਈ ਇਹ ਸਾਰਾ ਅੰਦੋਲਨ ਹੈ । ਇਸ ਅੰਦੋਲਨ ਨੇ ਸਮੁਚੇ ਤੌਰ ਵਿਸ਼ਵ ਵਿਚਾਰ ਧਾਰਾ ਅੰਦਰ ਕੀ ਕ੍ਰਾਂਤੀ ਲਿਆਂਦੀ।

ਇਸ ਦੇ ਫਲ ਸਰੂਪ ਨੂੰ ਮੁਖ ਰਖਦੇ ਹੋਏ ਏਥੇ ਅਸੀਂ ਇਸ ਕ੍ਰਾਂਤੀ ਨੂੰ ਕੇਵਲ ਦੋ ਤਿੰਨ ਦ੍ਰਿਸ਼ਟੀਕੋਨਾਂ ਤੋਂ ਜਾਚਣ ਦਾ ਯਤਨ ਕਰਾਂਗੇ।

(੧) ਧਰਮ ਵਿਚਾਰਧਾਰਾ ਦੇ ਪੱਖ ਤੋਂ ਅਸੀਂ ਵੇਖਦੇ ਹਾਂ ਕਿ ਗੁਰੂ ਨਾਨਕ ਦੇਵ ਜੀ ਨਾਂ ਤਾਂ ਪਛਮੀ ਅਥਵਾ ਮੁਸਲਮ ਜਾਂ ਈਸਾਈ ਮਤ ਦੇ ਵਿਸ਼ਵਾਸ਼ ਅਨੁਸਾਰ ਆਪਣੇ ਆਪ ਨੂੰ ਵਾਹਿਦ ਪੈਗੰਬਰ ਜਾਂ ਰਸੂਲ ਅੱਲਾ ਹੀ ਮੰਨਦੇ ਸਨ, ਨ ਹਜ਼ਰਤ ਈਸਾ ਵਾਂਗ ਖੁਦਾ ਦੇ ਇਕਲੌਤੇ ਪੁਤਰ, ਅਤੇ ਨ ਹੀ ਪੂਰਬੀ ਤਥਾ ਪੁਰਾਤਨ ਭਾਰਤੀ ਖ਼ਿਆਲ ਮੁਜਬ ਮਨੁਖ ਰੂਪ ਅੰਦਰ ਸੰਸਾਰ ਉਤੇ ਉਤਰੇ ਅਵਤਾਰ। ਆਪ ਦਾ ਰੱਬ ਤਾਂ ਅਜੂਨੀ ਹੈ ਜੋ ਜੰਮਣ ਮਰਨ ਤੋਂ ਬਾਹਰ ਹੈ ਅਤੇ ਆਪਣੀ ਬਾਬਤ ਆਪ ਕਹਿੰਦੇ ਹਨ:

ਮਾਣਸ ਮੂਰਤਿ ਨਾਨਕ ਨਾਮੁ।
ਕਰਣੀ ਕੁਤਾ ਦਰ ਫੁਰਮਾਨੁ।

ਫਿਰ ਆਪ ਪਛਮ ਦੇ ਪੈਗੰਬਰਾਂ ਵਾਂਗ ਅਪਨੀ ਉਮੱਤ ਨੂੰ ਕਦੀ ਇਹ ਭਰੋਸਾ ਬੰਨ੍ਹਾਉਣ ਦਾ ਦਾਹਵਾ ਨਹੀਂ ਕਰਦੇ ਕਿ ਕਿਆਮਤ ਦੇ ਦਿਨ ਜਦੋਂ ਸਾਰੀਆਂ ਰੂਹਾਂ ਖੁਦਾ ਦੀ ਦਰਗਾਹ ਵਿਚ ਆਪਣੇ ੨ ਅਮਲਾਂ ਦੇ ਲਹਿਣੇ ਦੇਣੇ ਦਾ ਹਿਸਾਬ ਪੇਸ਼ ਕਰਨਗੀਆਂ ਤਾਂ ਉਹ ਅਪਨੇ ਮੁਰੀਦਾਂ ਦੀ ਸਫਾਤ ਭਰਣਗੇ ਅਤੇ ਉਨ੍ਹਾਂ ਨੂੰ ਦੋਜ਼ਖ ਦੀ ਅੱਗ ਵਿਚ ਝੋਕੇ ਜਾਣ ਤੋਂ ਬਚਾਉਣਗੇ ਜਾਂ ਕੈਥੋਲਿਕ ਵਿਸ਼ਵਾਸ਼ ਅਨੁਸਾਰ ਮਰਣ ਤੋਂ ਪਹਿਲਾਂ ਫਾਦਰ ਦੇ ਸਾਹਮਣੇ ਕੀਤਾ ਗੁਨਾਹਾਂ ਦਾ ਪਸਚਾਤਾਪ ਜੀਵਨ ਭਰ ਦੇ ਸਾਰੇ ਪਾਪਾਂ ਪੁੰਨਾਂ ਨੂੰ ਧੋ ਦੇਵੇਗਾ ਗੁਰੂ ਨਾਨਕ ਦੇਵ ਜੀ ਤਾਂ ਸਾਰੀ ਕਥਾ ਨੂੰ ਨੇੜੇ ਮੁਕਾ ਦੇਂਦੇ ਹਨ:

ਕਰਮੀ ਕਰਮੀ ਹੋਇ ਵੀਚਾਰੁ।
ਸਚਾ ਆਪਿ ਸਚਾ ਦਰਬਾਰੁ।
ਤਿਥੈ ਸੋਹਨਿ ਪੰਚ ਪਰਵਾਣੁ।
ਨਦਰੀ ਕਰਮਿ ਪਵੈ ਨੀਸਾਣੁ।
ਕਚ ਪਕਾਈ ਓਥੈ ਪਾਇ।
ਨਾਨਕ ਗਇਆ ਜਾਪੈ ਜਾਇ।

ਓਹ ਜਗ੍ਹਾ ਆਪ ਦੀ ਨਜ਼ਰ ਵਿਚ ਬਹਿਸ਼ਤ ਦੋਜ਼ਖ਼ ਜਾਂ ਸੁਰਗ ਨਰਕ ਨਹੀਂ ਅਤੇ ਨਾ ਇਹਨਾਂ ਦੀ ਪ੍ਰਾਪਤੀ ਜਾਂ ਅਪ੍ਰਾਪਤੀ ਲਈ ਕਿਸੇ ਇਛਿਆ ਜਾਂ ਡਰ ਦੇ ਹੋਣ ਦੀ ਉਹ ਲੋੜ ਸਮਝਦੇ ਹਨ। ਉਹਨਾਂ ਦੇ ਵਿਚਾਰ ਵਿਚ ਵਾਹਿਗੁਰੂ ਦੇ ਨੇੜੇ ਜਾਂ ਦੂਰ ਹੋਣਾ ਹੀ ਮਨੁਖ ਦੇ ਚੰਗੇ ਜਾਂ ਮੰਦੇ ਹੋਣ ਦਾ ਸਿੱਟਾ ਹੈ! ਉਸ ਦੀ ਸਮੀਪਤਾ ਤੇ ਮਿਲਾਪ ਵਿਚ ਹੀ ਸਮੁਚਾ ਸੁਆਦ, ਰਸ ਤੇ ਖੇੜਾ ਅਤੇ ਉਸ ਤੋਂ ਦੂਰੀ ਆਤਮਕ ਅਸੰਤੁਸ਼ਟਤਾ ਦਾ ਕਾਰਨ ਹੈ, ਗੁਰੂ ਜੀ ਦੇ ਅੰਦੋਲਨ ਅੰਦਰ ਗੁਰੂ ਜੀ ਦੀ ਮਹਾਨ ਵਡਿਆਈ ਕਿਆਮਤ ਦੇ ਦਿਨ ਗੁਨਾਹੀ ਆਦਮੀ ਦੀ ਸਫਾਤ ਭਰਣ ਦੀ ਨਹੀਂ ਬਲਕਿ ਉਸਦੇ ਜੀਵਨ ਕਾਲ ਸਮੇਂ ਉਸ ਨੂੰ ਕੁਰਾਹੇ ਭਟਕਣ ਤੋਂ ਬਚਾ ਕੇ 'ਗੁਰਮੁਖ ਗਾਡੀ ਰਾਹ' ਤੋਰਨ ਵਿਚ ਹੈ ਅਤੇ ਉਸ ਗੁਰੂ ਵਿਅਕਤੀ ਦੀ ਵਿਸ਼ੇਸ਼ ਸਿਖਿਆ ਕੀ ਹੈ:

ਗੁਰਾ ਇਕ ਦੇਹਿ ਬੁਝਾਈ,
ਸਭਨਾ ਜੀਆ ਕਾ ਇਕ ਦਾਤਾ,
ਸੋ ਮੈ ਵਿਸਰ ਨ ਜਾਈ।

ਆਪ ਮਨੁਖ ਨੂੰ ਕਿਸੇ ਚੰਗੇ ਭਵਿਖਤ ਦਾ ਲਾਰਾ ਲਾ ਕੇ ਮਰਣ ਪਿਛੋਂ ਉਸਦੀ ਬਾਂਹ ਫੜਣ ਦਾ ਭਰੋਸਾ ਬਨ੍ਹ ਕੇ ਵਰਤਮਾਨ ਕਾਲ ਦੀਆਂ ਜ਼ਿਮੇਵਾਰੀਆਂ ਵਲੋਂ ਅਵੇਸਲਾ ਨਹੀਂ ਹੋਣ ਦੇਂਦੇ, ਬਲਕਿ ਆਪ ਦੇ ਖਿਆਲ ਵਿਚ ਗੁਰੂ ਅਜਿਹੀ ਵਿਅਕਤੀ ਹੈ ਜੋ ਜੀਂਵਦੇ ਜੀ ਮਨੁਖ ਨੂੰ ਦੇਵਤਾ ਬਣਾ ਲੈਣ ਦੀ ਸਮ੍ਰਥਾ ਰਖਦਾ ਹੈ—

ਜਿਨਿ ਮਾਣਸ ਤੇ ਦੇਵਤੇ ਕੀਏ,
ਕਰਤ ਨ ਲਾਗੀ ਵਾਰ॥

ਮਨੁਖ ਦਾ ਕਰਮ ਖੇਤਰ ਇਹੋ ਸੰਸਾਰ ਅਤੇ ਇਸ ਦੀ ਲਈ ਸਮਾਂ ਵਰਤਮਾਨ ਕਾਲ ਅਥਵਾ ਮਨੁਖੀ ਜੀਵਣ ਹੀ ਹੈ। ਕਿਸੇ ਭਵਿਖਤ ਦੀ ਆਸ ਤੇ ਵਰਤਮਾਨ ਨੂੰ ਭੁਲ ਜਾਣਾ ਮੂਰਖਤਾ ਹੈ। ਇਹੋ ਕਾਲ ਪ੍ਰਵਾਣ ਪੈਣ ਅਤੇ ਵਾਹਿਗੁਰੂ ਦਾ ਨੇੜ ਪ੍ਰਾਪਤ ਕਰਣ ਦਾ ਹੈ ਜਿਸ ਦਾ ਸਾਧਨ 'ਬੰਦੀ' ਹੈ—

ਬੰਦੇ ਸਿ ਜਿ ਪਵਹਿ ਵਿਚ ਬੰਦੀ ਵੇਖਣ ਕਉ ਦੀਦਾਰੁ


www.AKJ.Org

ਅਤੇ ਇਥੇ ਰਹਿਣਾ ਇਉਂ ਹੈ:–

ਜਿਉ ਜਲ ਮਹਿ ਕਮਲੁ ਅਲਿਪਤੁ ਐਸੀ ਬਣਤ ਬਣਾਇ

(੨) ਗੁਰੂ ਨਾਨਕ ਅੰਦੋਲਨ ਅੰਦਰ ਵਿਅਕਤੀ ਗਤ ਜੀਵਣ ਨਾਲੋਂ ਸਮਾਜਕ ਜੀਵਣ ਦੀ ਪੜਚੋਲ ਤੇ ਪੁਛ ਪ੍ਰਤੀਤ ਵਧੇਰੇ ਤੀਖਣ ਹੈ। ਪੁਰਾਤਨ ਭਾਰਤੀ ਵਿਸ਼ਵਾਸ਼ ਅੰਦਰ ਧਰਮ ਅਤੇ ਤਿਆਗ ਦਾ ਬਹੁਤ ਪ੍ਰਭਾਵ ਸੀ ਬਲਕਿ ਤਿਆਗ ਬਾਝੋਂ ਧਰਮ ਅਸੰਭਵ ਜੇਹੀ ਗੱਲ ਸਮਝੀ ਜਾਂਦੀ ਸੀ। ਇਹੋ ਕਾਰਣ ਸੀ ਕਿ ਧਰਮ ਰੁਚੀ ਰਖਣ ਵਾਲੇ ਲੋਕ ਜੰਗਲਾਂ ਪਰਬਤਾਂ ਨੂੰ ਨਿਕਲ ਜਾਂਦੇ ਅਤੇ ਸਮਾਜ ਤੋਂ ਦੂਰ ਨਸਦੇ ਸਨ। ਗੁਰੂ ਜੀ ਦਾ ਇਸ ਖਿਆਲ ਨਾਲ ਤਕੜਾ ਵਿਰੋਧ ਸੀ। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਗੁਰੂ ਜੀ ਸਿਧਾਂ ਨੂੰ ਪੁਛਦੇ ਹਨ 'ਸਿਧ ਛਪਿ ਬੈਠੇ ਪਰਬਤੀ ਕੌਣ ਜਗਤ ਕਉ ਪਾਰ ਉਤਾਰਾ' ਗੁਰੂ ਜੀ ਨੇ ਤਿਆਗ ਦੇ ਮੁਕਾਬਲੇ ਵਿਚ 'ਸੰਸਾਰੀ ਰੀਤ ਚਲਾਈ' ਅਥਵਾ ਸਮਾਜਕ ਖੇਤਰ ਅੰਦਰ ਧਰਮ ਵਾਲਾ ਜੀਵਣ ਬਿਤਾਉਣ ਦੀ ਜੁਗਤੀ ਲੋਕਾਂ ਨੂੰ ਦਿਤੀ, ਜਿਸ ਦੇ ਲਈ ਤਿਆਗ ਵਾਲੀ ਧਰਮ ਭਾਵਨਾ ਅਤੇ ਸਮਾਜਕ ਜੀਵਨ ਦੀ ਵਿਹਾਰ ਭਾਵਨਾ ਦੇ ਵਿਚਾਲੇ ਸਦਾਚਾਰ ਭਾਵਨਾ ਦੀ ਕੜੀ ਨਾਲ ਇਹਨਾਂ ਦੋਨਾਂ ਨੂੰ ਜੋੜਨ ਦਾ ਯਤਨ ਕੀਤਾ। ਜਿਸ ਜੀਵਣ ਜੁਗਤੀ ਅੰਦਰ ਆਤਮਕ ਭੁਖ ਅਤੇ ਸਰੀਰਕ ਭੁਖ ਦੋਨਾਂ ਦੀ ਤ੍ਰਿਪਤੀ ਦਾ ਸਾਧਨ ਹੋਵੇ ਉਸ ਜੁਗਤ ਨੂੰ ਅਪਨਾਉਣ ਦੀ ਲੋੜ ਸੀ ਇਸ ਲਈ ਆਪ ਨੇ ਕਿਹਾ :—

ਸਚੁ ਤਾ ਪਰ ਜਾਣੀਐ ਜਾ ਜੁਗਤਿ ਜਾਣੈ ਜੀਉ।

ਇਹ ਜੁਗਤੀ ਸੀ ਧਰਮ, ਸਦਾਚਾਰ ਅਤੇ ਵਿਹਾਰ ਨੂੰ ਇਕ ਲੜੀ ਅੰਦਰ ਪਰੋ ਲੈਣ ਦੀ, ਜਿਸ ਦਾ ਸਾਧਨ ਆਪ ਨੇ ਭਾਈ ਵੀਰ ਸਿੰਘ ਦੇ ਕਥਨ ਅਨਸਾਰ ਧਰਮ ਦੀ ਕਿਰਤ ਕਰਣ, ਵੰਡ ਛਕਣ ਅਤੇ ਨਾਮ ਜਪਨ ਵਿਚ ਤਕਿਆ ਅਤੇ ਲੋਕਾਂ ਨੂੰ ਦਸਿਆ :–

ਘਾਲਿ ਖਾਇ ਕਿਛ ਹਥਹੁ ਦੇਇ।
ਨਾਨਕ ਰਾਹੁ ਪਛਾਣਹਿ ਸੇਇ।

ਇਸਦਾ ਅਮਲੀ ਨਮੂਨਾ ਗੁਰੂ ਜੀ ਨੇ ਆਪਣੇ ਜੀਵਨ ਦਾ ਕਾਫ਼ੀ ਵਡਾ ਹਿਸਾ ਕਰਤਾਰਪੁਰ ਵਿਚ ਗ੍ਰਹਿਸਥੀ ਜੀਵਨ ਬਿਤਾ ਕੇ ਦਿਤਾ।

(੩) ਵਿਗਿਆਨਕ ਦ੍ਰਿਸ਼ਟੀਕੋਣ ਤੋਂ ਪਾਠਕਾਂ ਦਾ ਧਿਆਨ ਪਿਛੇ ਵਰਨਣ ਕੀਤੇ ਕਈ ਨੁਕਤਿਆਂ ਵਲ ਦਿਵਾ ਕੇ ਕੇਵਲ ਇਤਨਾ ਲਿਖ ਦੇਣਾ ਕਾਫੀ ਹੋਵੇਗਾ ਕਿ ਗੁਰੂ ਜੀ ਦਾ ਇਸ ਬਾਰੇ ਗਿਆਨ ਬਹੁਤ ਵਿਸ਼ਾਲ ਸੀ। ਕਾਦਰ ਦੀ ਕੁਦਰਤ ਅਤੇ ਰਚਨਾ ਸੰਬੰਧੀ ਕੇਵਲ ਇਸ਼ਾਰੇ ਮਾਤਰ ਜਿਨ੍ਹਾਂ ਨੁਕਤਿਆਂ ਦਾ ਆਪ ਨੇ ਸੰਖੇਪ ਸ਼ਬਦਾਂ ਅੰਦਰ ਵਰਨਣ ਕੀਤਾ ਹੈ ਉਸ ਵਿਚੋਂ ਕੇਵਲ ਕੁਝਕੁ ਖ਼ਿਆਲਾਂ ਦੀ ਪੁਸ਼ਟੀ ਅਜ ਦੀ ਖੋਜ ਕਿਸੇ ਹੱਦ ਤਕ ਕਰ ਸਕੀ ਹੈ। ਜਿਨ੍ਹਾਂ ਤੋਂ ਸਪਸ਼ਟ ਹੁੰਦਾ ਹੈ ਕਿ ਅਜ ਤੋਂ ਪੰਜ ਸੋ ਸਾਲ ਪਹਿਲੋਂ ਦੁਨੀਆਂ ਦਾ ਇਸ ਵੰਨੇ ਦਾ ਗਿਆਨ ਬਿਲਕੁਲ ਅੰਧੇਰੇ ਵਿਚ ਸੀ। ਇਸ ਲਈ ਆਪ ਦੇ ਵਿਚਾਰ ਆਪ ਦੇ ਸਮਕਾਲੀ ਵਿਦਵਾਨਾਂ ਲਈ ਭੀ ਬੜੇ ਇਨਕਲਾਬੀ ਸਨ, ਪਰੰਤੂ ਆਪ ਨੇ ਇਸਦੇ ਬਾਵਜੂਦ ਭੀ ਸਿਰਜਨਹਾਰ ਪ੍ਰਭੂ ਦੀ ਬੇਅੰਤਤਾ ਨੂੰ ਅੰਤ ਵਾਲੇ ਪੈਮਾਨੇ ਨਾਲ ਮਾਪਨ ਦੀ ਕਦੀ ਕੋਸ਼ਸ਼ ਨਹੀਂ ਕੀਤੀ ਬਲਕਿ ਇਹੋ ਹੀ ਕਿਹਾ :–

ਕਿਵ ਕਰਿ ਆਖਾ ਕਿਵ ਸਾਲਾਹੀ
ਕਿਉ ਵਰਨੀ ਕਿਵ ਜਾਣਾ।

ਉਸ ਦੀ ਰਚਨਾ ਨੂੰ ਤਕ ਤਕ ਕੇ ਉਸ ਅਨੰਤ ਦੀ ਅਨੰਤਤਾ ਦੇ ਰਸ ਨੂੰ ਮਾਨਣ ਦਾ ਜਤਨ ਕੀਤਾ ਅਤੇ ਉਸ ਤੋਂ ਵਾਰਨੇ ਜਾਂਦੇ ਹੋਏ :–

ਬਲਿਹਾਰੀ ਕੁਦਰਤਿ ਵਸਿਆ।
ਤੇਰਾ ਅੰਤ ਨਾ ਜਾਈ ਲਖਿਆ।

ਦਾ ਰਾਗ ਅਲਾਪਿਆ, ਅਤੇ ਜਦੋਂ ਉਸ ਅਕਹਿ ਰਸ ਅੰਦਰ ਖੀਵੇ ਹੋਏ ਉਸ ਵਿਚ ਗੁਆਚ ਜਾਣ ਵੱਲ ਤੁਰੇ ਤਾਂ ਆਪ ਦੇ ਮੁਖੋਂ ਅਵੱਸ਼ ਨਿਕਲਿਆ :–

ਵੇਖ ਵਿਡਾਣ ਰਹਿਆ ਵਿਸਮਾਦੁ।
ਨਾਨਕ ਬੁਝਣ ਪੂਰੈ ਭਾਗਿ।

——


www.AKJ.Org

# * ਗੁਰੂ ਨਾਨਕ ਜੀ ਦਾ ਸੁਲਤਾਨਪੁਰ ਨਿਵਾਸ *

(ਵਲੋਂ–ਸ: ਸੇਵਾ ਸਿੰਘ ਜੀ 'ਸੇਵਕ' ਤਰਨ ਤਾਰਨ)

ਸਤਿਗੁਰੂ ਨਾਨਕ ਦੇਵ ਜੀ ਦੇ ਸੱਤਰ ਸਾਲ ਦੇ ਜੀਵਨ ਨੂੰ ਚਾਰ ਮੋਟੇ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲੇ ਵੀਹ ਕੁ ਸਾਲ ਤਲਵੰਡੀ, ਦਸ ਕੁ ਸਾਲ ਸੁਲਤਾਨਪੁਰ, ਇਕੀ ਬਾਈ ਸਾਲ ਉਦਾਸੀਆਂ ਵਿਚ ਤੇ ਆਖਰੀ ੧੮ ਸਾਲ ਕਰਤਾਰਪੁਰ ਵਿਖੇ ਗੁਜ਼ਾਰੇ ਕਰਤਾਰਪੁਰ ਨਿਵਾਸ ਦੌਰਾਨ ਵੀ ਆਪ ਇਕ ਵਾਰ ਅਚਲ ਵਟਾਲੇ, ਸਿਆਲਕੋਟ ਆਦਿ ਥਾਵਾਂ ਦੀ ਫੇਰੀ ਲਾ ਆਏ ਸਨ।

ਗੁਰੂ ਜੀ ਦੇ ਸੁਲਤਾਨਪੁਰ ਨਿਵਾਸ ਦੇ ਸਮੇਂ ਬਾਰੇ ਅੱਡ ਅੱਡ ਵਿਦਵਾਨਾਂ ਦੀਆਂ ਅੱਡ ਅੱਡ ਰਾਵਾਂ ਹਨ ਪਰ ਇਸ ਨਗਰ ਨਾਲ ਸੰਬੰਧਤ ਕੌਤਕਾਂ ਤੇ ਸਾਖੀਆਂ ਵਿਚ ਕੋਈ ਲੰਮਾ ਫਰਕ ਨਹੀਂ ਹੈ। ਆਪ ਦੇ ਤਲਵੰਡੀ ਨਿਵਾਸ ਸਮੇਂ ਆਪ ਜੀ ਦੇ ਮਾਤਾ ਪਿਤਾ ਆਪ ਜੀ ਨੂੰ ਵਣਜ ਵਪਾਰ ਦੇ ਕੰਮਾਂ ਵਿਚ ਪਾਉਣਾ ਚਾਹੁੰਦੇ ਸਨ। ਗੁਰੂ ਜੀ ਨੇ ਮਾਤਾ ਪਿਤਾ ਦੀ ਆਗਿਆ ਪਾਲਣ ਤੋਂ ਕਦੀ ਇਨਕਾਰ ਨਹੀਂ ਸੀ ਕੀਤਾ ਪਰ ਉਹਨਾਂ ਦਾ ਹਰੇਕ ਕੰਮ ਬਾਰੇ ਦ੍ਰਿਸ਼ਟੀ ਕੋਣ ਆਪਣਾ ਤੇ ਨਿਆਰਾ ਜਿਹਾ ਹੁੰਦਾ ਸੀ ਜੋ ਮਾਤਾ ਪਿਤਾ ਨੂੰ ਹਰਗਿਜ਼ ਪਸੰਦ ਨਹੀਂ ਸੀ।

ਯਾਰ੍ਹਵੀਂ ਸਦੀ ਵਿਚ ਭਾਰਤ ਉਤੇ ਮੁਸਲਮਾਨਾਂ ਵਲੋਂ ਹਮਲੇ ਹੋਣੇ ਸ਼ੁਰੂ ਹੋਏ। ਮਹਿਮੂਦ ਗਜ਼ਨਵੀ ਵਲੋਂ ਵਾਰ ਵਾਰ ਹੋਏ ਹੱਲਿਆਂ ਨੇ ਹਿੰਦੂ ਤਾਕਤਾਂ ਨੂੰ ਨਖੀਣ ਕਰ ਦਿਤਾ ਤੇ ਤੇਰ੍ਹਵੀਂ ਸਦੀ ਵਿਚ ਉਹਨਾਂ ਨੇ ਭਾਰਤ ਵਿਚ ਪੱਕੇ ਪੈਰ ਜਮਾ ਲਏ। ਪੰਦਰ੍ਹਵੀਂ ਸਦੀ ਵਿਚ ਅਖੀਰਲੇ ਲੋਧੀ ਘਰਾਨੇ ਦਾ ਪਹਿਲਾ ਬਾਦਸ਼ਾਹ ਬਹਿਲੋਲ ਲੋਧੀ ਦਿਲੀ ਵਿਚ ਰਾਜ ਕਰ ਰਿਹਾ ਸੀ। ਗੁਰੂ ਨਾਨਕ ਜੀ ਦਾ ਅਵਤਾਰ ੧੪੬੯ ਈਸਵੀ ਵਿਚ ਹੋਇਆ।

ਭਾਰਤ ਉੱਤੇ ਹੋਣ ਵਾਲੇ ਸਾਰੇ ਹੱਮਲੇ ਕਾਬਲ ਅਫਗਾਨਸਤਾਨ ਵਲੋਂ ਹੁੰਦੇ ਸਨ ਤੇ ਪੰਜਾਬ ਨੂੰ ਭਾਰਤ ਦਾ ਪਹਿਰੇਦਾਰ ਹੋਨ ਵਜੋਂ ਹਮੇਸ਼ਾਂ ਭਾਰੀ ਮੁਲ ਤਾਰਨਾ ਪੈਂਦਾ ਸੀ। ਗੁਰੂ ਨਾਨਕ ਦੇਵ ਜੀ ਦੀ ਭੈਣ ਬੇਬੇ ਨਾਨਕੀ ਦਾ ਵਿਆਹ, ਭਾਈ ਜੈ ਰਾਮ ਜੀ ਨਾਲ ਹੋ ਚੁਕਾ ਸੀ ਅਤੇ ਇਹ ਦੰਪਤੀ ਪੰਜਾਬ ਦੇ ਪ੍ਰਸਿੱਧ ਨਗਰ ਸੁਲਤਾਨਪੁਰ ਵਿਚ ਨਿਵਾਸ ਰਖਦੇ ਸਨ। ਗੁਰੂ ਨਾਨਕ ਦੇਵ ਜੀ ਪਰ ਸ਼ਰਧਾ ਰੱਖਣ ਵਾਲਿਆ ਵਿਚੋਂ ਬੇਬੇ ਨਾਨਕੀ ਤੇ ਰਾਇ ਬੁਲਾਰ ਭੱਟੀ ਉਸ ਵਰਤਾਉ ਪਰ ਖੁਸ਼ ਨਹੀਂ ਸਨ ਜੋ ਕਿ ਮਹਿਤਾ ਕਲਿਆਣ ਚੰਦ ਜੀ ਆਪਣੇ ਪੁਤਰ ਨਾਨਕ ਜੀ ਨਾਲ ਕਰਿਆ ਕਰਦੇ ਸਨ। ਭਾਈ ਜੈ ਰਾਮ ਜੀ ਨੂੰ ਪਤਾ ਸੀ ਕਿ ਨਾਨਕ ਜੀ ਤਲਵੰਡੀ ਵਿਚ ਉਦਾਸ ਰਹਿੰਦੇ ਸਨ। ਉਹਨਾਂ ਨੇ ਗੁਰੂ ਜੀ ਨੂੰ ਸੁਲਤਾਨਪੁਰ ਆਉਣ ਲਈ ਸਦਾ ਪੱਤਰ ਲਿਖਿਆ।

ਪਰਾਚੀਨ ਜਨਮ ਸਾਖੀ ਅਨੁਸਾਰ–'ਘਰ ਦੇ ਆਦਮੀਆਂ ਨੇ ਕਹਿਆ : ਏਹਿ ਉਥੈ ਜਾਇ ਤਾਂ ਭਲਾ ਹੋਵੈ ॥ ਮਤ ਉਥੈ ਇਸਦਾ ਮਨੁ ਉਦਾਸੀ ਤੋਂ ਫਿਰਦਾ ਹੋਵੇ।'

ਗੁਰੂ ਜੀ ਸੁਲਤਾਨਪੁਰ ਪੁਜੇ ਤੇ ਭੈਣ ਭਣਵਈਆ ਬਹੁਤ ਖੁਸ਼ ਹੋਏ। ਉਹਨਾਂ ਨੇ ਗੁਰੂ ਜੀ ਨੂੰ ਆਪਣੇ ਪਾਸ ਰੱਖ ਲਿਆ। ਗੁਰੂ ਜੀ ਨੇ ਤਲਵੰਡੀ ਤੋਂ ਭਾਈ ਮਰਦਾਨੇ ਰੁਬਾਬੀ ਨੂੰ ਭੀ ਸੱਦ ਲਿਆ। ਸਮਾਂ ਪਾ ਕੇ ਭਾਈ ਜੈ ਰਾਮ ਜੀ ਨੇ ਗੁਰੂ ਜੀ ਦੇ ਰੁਜ਼ਗਾਰ ਬਾਰੇ ਨਵਾਬ ਦੌਲਤ ਖਾਂ ਲੋਧੀ ਨਾਲ ਗੱਲ ਕੀਤੀ। ਨਵਾਬ ਗੁਰੂ ਜੀ ਨੂੰ ਵੇਖ ਕੇ ਬੜਾ ਪਰਸੰਨ ਹੋਇਆ ਤੇ


www.AKJ.Org

ਕਹਿਣ ਲਗਾ ! 'ਭਲਾ ਦਿਆਨਤਦਾਰ ਨਜ਼ਰੀ ਆਉਂਦਾ ਹੈ। ਮੇਰਾ ਕੰਮ ਇਸਦੇ ਹਵਾਲੇ ਕਰੋ। ਖਾਨ ਨੇ ਸਿਰਪਾਉ ਦਿਤਾ।'

ਬਾਬਾ ਜੀ ਨੇ ਮੋਦੀ ਦਾ ਕੰਮ ਸ਼ੁਰੂ ਕਰ ਦਿਤਾ। ਸਮਾਂ ਪਾ ਕੇ ਪਰਵਾਰ ਨੂੰ ਭੀ ਤਲਵੰਡੀ ਬੁਲਾ ਲਿਆ। ਜਨਮਸਾਖੀ ਵਿਚ ਲਿਖਿਆ ਹੈ–

ਏਹਾ ਕੰਮੁ ਕਰੇ ਜਿਸ ਵਿਚ,
ਸਭ ਕੋਈ ਖੁਸੀ ਹੋਵੈ ।

ਸਭ ਕਹੇ! ਵਾਹੁ ਵਾਹੁ! ਏਹੁ ਕੋਈ ਭਲਾ ਲੋਕੁ ਹੈ। ਨਵਾਬ ਸੁਣ ਸੁਣ ਸੋਭਾ ਸ੍ਰੀ ਬਾਬੇ ਜੀ ਕੀ ਬਹੁਤ ਖੁਸੀ ਹੋਵੈ। ਅਰ ਜੋ ਕਿਛੁ ਅਲੂਫਾ (ਤਨਖਾਹ ਤੋਂ ਵਖਰੀ ਰਸਦ) ਸ੍ਰੀ ਬਾਬੇ ਜੀ ਨੂੰ ਮਿਲੈ ਸੋ ਸ੍ਰੀ ਪ੍ਰਮੇਸਰ ਜੀ ਕੇ ਅਰਥ ਵੰਡ ਦੇਵੈ, ਅਤੇ ਰਾਤ ਨੂੰ ਤਿੰਨ ਪਹਿਰ ਕੀਰਤਨ ਹੋਵੈ। ਪੰਥ ਪ੍ਰਕਾਸ਼ ਵਿਚ ਲਿਖਿਆ ਹੈ :–

ਸਾਧੁ ਮੁਸਾਫਰ ਰੰਕ ਜੁ ਆਵੈ।
ਤੈਸੀ ਤਿਸ ਕੇ ਪੱਲੇ ਪਾਵੈ।
ਜੋਖਤ ਰਸਦ ਜਰਾ ਨਹਿ ਡਰੈਂ।
ਤੇਰਾ ਤੇਰਾ ਤੇਰਾ ਕਰੈਂ।
ਗਿਣਤੀ ਔਰ ਨ ਕਰਹੈਂ ਕਾਈ।
ਸਦਾ ਬਰਤ ਬਡ ਰਾਖਿਓ ਲਾਈ।
ਭੀੜ ਗਰੀਬ ਫਕੀਰਨ ਕੇਰੀ।
ਮੋਦੀਖਾਨੇ ਰਹੇ ਬਥੇਰੀ।

ਸਤਿਗੁਰ ਜੀ ਦਾ ਪਹਿਰ ਰਾਤ ਰਹਿੰਦਿਆਂ ਸੁਲਤਾਨਪੁਰ ਦੇ ਨਾਲ ਵਗਦੀ ਵੇਈਂ ਨਦੀ ਉੱਤੇ ਇਕੱਲਿਆਂ ਜਾ ਕੇ ਇਸ਼ਨਾਨ ਕਰਨ ਦਾ ਨੇਮ ਸੀ। ਇਕ ਦਿਨ ਆਪ ਇਕ ਟਹਿਲੀਏ ਨੂੰ ਨਾਲ ਲੈ ਗਏ। ਕਪੜੇ ਉਸ ਨੂੰ ਫੜਾ ਕੇ ਅਜਿਹੀ ਚੁੱਭੀ ਮਾਰੀ ਕਿ ਮੁੜ ਨਿਕਲੇ ਹੀ ਨਾ। ਟਹਿਲੀਆ ਉਡੀਕ ਉਡੀਕ ਕੇ ਮੁੜ ਆਇਆ। ਦੀਵਾਨ ਜੈ ਰਾਮ ਜੀ ਤੇ ਬੀਬੀ ਨਾਨਕੀ ਜੀ ਨੂੰ ਖ਼ਬਰ ਹੋਈ। ਜੋ ਜੇ ਸੁਣੇ, ਉਦਾਸ ਹੋ ਜਾਏ ਕਿ ਗੁਰੂ ਨਾਨਕ ਜੀ ਨਦੀ ਵਿਚ ਰੁੜ੍ਹ ਗਏ ਹਨ। ਬੇਬੇ ਨਾਨਕੀ ਜੀ ਤੋਂ ਬਿਨਾਂ ਸਭ ਦੇ ਸਿਦਕ ਡੋਲ ਗਏ। ਨਵਾਬ ਦੌਲਤ ਖਾਂ ਨੇ ਬੜੇ ਜਾਲ ਪੁਆਏ, ਭਾਲ ਕੀਤੀ ਪਰ ਕੋਈ ਥਹੁ ਪਤਾ ਨਾ ਲੱਗਾ। ਓੜਕ ਨਿਰਾਸ ਵਾਪਸ ਮੁੜੇ। ਨਵਾਬ ਕਹਿੰਦਾ ਹੈ :

'ਨਾਨਕ ਭਲਾ ਵਜ਼ੀਰ ਥਾ। ਮੇਰੀ ਕੰਬਖ਼ਤੀ ਥੀ, ਏਹਾ ਜੇਹਾ ਵਜ਼ੀਰ ਮੇਰੇ ਹੱਥੋਂ ਨਿਕਲ ਗਇਆ।'

ਉਧਰ ਗੁਰੂ ਨਾਨਕ ਜੀ, ਜਾ ਨਿਰੰਕਾਰ ਦੇ ਦਰਬਾਰ ਵਿਚ ਹਾਜ਼ਰ ਹੋਏ। ਨਿਰੰਕਾਰ ਜੀ ਨੇ ਦਇਆਲ ਹੋ ਕੇ ਨਾਮ ਅੰਮ੍ਰਿਤ ਦਾ ਪਿਆਲਾ ਗੁਰੂ ਜੀ ਨੂੰ ਬਖ਼ਸ਼ਿਆ ਤੇ ਫੁਰਮਾਇਆ :

'ਨਾਨਕ ਜੀ! ਜਿਥੈ ਕਿਥੈ ਮੈਂ ਤੇਰੈ ਨਾਲਿ ਹਾਂ ਮੈਂ ਤੇਰੈ ਤਾਂਈ ਨਿਹਾਲ ਕੀਤਾ ਹੈ। ਜੋ ਤੇਰਾ ਨਾਮ ਲਏਗਾ ਸੋ ਭੀ ਨਿਹਾਲ ਹੋਵੇਗਾ। ਤੂੰ ਮੇਰਾ ਜਾ ਕੈ ਨਾਮੁ ਜਪੁ ਅਰ ਲੋਕਾਂ ਨੂੰ ਭੀ ਜਪਾਇਆ ਕਰ। ਅਰ ਸੰਸਾਰ ਤੇ ਨਿਰਲੇਪ ਰਹਿਣਾ। ਨਾਮ ਦਾਨ ਇਸ਼ਨਾਨ ਸੇਵਾ ਸਿਮਰਣ ਭਾਉ ਭਗਤੁ ਪਰਉਪਕਾਰ ਵਿਚ ਰਹਿਣਾ। ਤੈਨੂੰ ਮੈਂ ਆਪਣਾ ਨਾਮ ਦਿਤਾ ਹੈ, ਤੂ ਏਹੋ ਕਿਰਤੁ ਕਰ।' (ਪ੍ਰਾਚੀਨ ਜਨਮਸਾਖੀ)

ਤੀਜੇ ਦਿਨ ਸਤਿਗੁਰੂ ਜੀ ਵੇਈਂ ਵਿਚੋਂ ਨਿਕਲ ਕੇ ਕਬਰਸਤਾਨ ਵਿਚ ਜਾ ਬੈਠੇ। ਕੁਝ ਫ਼ਕੀਰ ਉਹਨਾਂ ਨੂੰ ਆ ਮਿਲੇ। ਗੁਰੂ ਜੀ ਦਾ ਨਾਅਰਾ ਸੀ 'ਨ ਕੋਈ ਹਿੰਦੂ, ਨਾ ਮੁਸਲਮਾਨ।' ਸਭ ਲੋਕ ਹੈਰਾਨ ਹੋਏ ਅਤੇ ਨਦੀ ਵਿਚੋਂ ਨਿਕਲਣ ਤੋਂ ਪਿਛੋਂ ਗੁਰੂ ਜੀ ਵਿਚ ਆਈ ਤਬਦੀਲੀ ਦੀ ਚਰਚਾ ਚਾਰ ਚੁਫੇਰੇ ਫੈਲ ਗਈ। ਸਾਧ ਸੰਤ, ਫ਼ਕੀਰ ਫੁਕਰੇ, ਜਗਿਆਸੂ, ਅਧਿਆਤਮੀ, ਵਿਚਾਰਵਾਨ ਤੇ ਅੱਡ ਅੱਡ ਧਰਮਾਂ ਦੇ ਆਗੂ ਆਨ ਇਕੱਠੇ ਹੋਏ। ਵਿਚਾਰ ਤੇ ਬਹਿਸ ਹੁੰਦੀ ਰਹੀ। ਗੁਰੂ ਜੀ ਮੁੜ ਮੁੜ 'ਨ ਕੋਈ ਹਿੰਦੂ ਨ ਕੋਈ ਮੁਸਲਮਾਨ' ਦਾ ਰਹੱਸ-ਭਰਿਆ ਭਰਪੂਰ ਨਾਅਰਾ ਲਾਈ ਜਾਣ। ਸ਼ਹਿਰ ਦਾ ਕਾਜ਼ੀ ਭੀ ਆਇਆ। ਉਹ ਇਹ ਅਜੀਬ ਨਾਅਰਾ ਸੁਣ ਕੇ ਤਲਮਲਾਇਆ ਨਵਾਬ ਪਾਸ ਜਾ ਸ਼ਿਕਾਇਤ ਕੀਤੀ ਕਿ ਗੁਰੂ ਜੀ ਸਾਰੇ ਇਸਲਾਮ ਨੂੰ ਵੰਗਾਰਦੇ ਹਨ। ਨਵਾਬ ਤੇ ਕਾਜ਼ੀ ਗੁਰੂ ਜੀ ਪਾਸ ਪੁਜੇ ਤੇ ਇਸ ਨਵੇਂ ਨਾਅਰੇ ਦੀ ਵਿਆਖਿਆ ਕਰਨ ਵਾਸਤੇ ਕਿਹਾ।


www.AKJ.Org

ਗੁਰੂ ਜੀ ਦੇ ਸਰਬ ਸਾਂਝੇ ਖ਼ਿਆਲਾਂ ਅਤੇ ਰੱਬ ਦੀ ਅਦ੍ਵੈਤ ਹਸਤੀ ਸਬੰਧੀ ਵਿਚਾਰਾਂ ਨੂੰ ਸੁਣ ਕੇ ਦੋਵੇਂ ਸਜਨ ਪ੍ਰਭਾਵਿਤ ਹੋਏ ਤੇ ਗੁਰੂ ਜੀ ਨੂੰ ਮੁਸਲਮਾਨੀ ਮਤ ਧਾਰਨ ਕਰਨ ਦੀ ਪਰੇਰਨਾ ਕੀਤੀ। ਗੁਰੂ ਜੀ ਨੇ ਫੁਰਮਾਇਆ :—

ਮੁਸਲਮਾਣੁ ਕਹਾਵਣੁ ਮੁਸਕਲੁ,
ਜਾ ਹੋਇ ਤਾ ਮੁਸਲਮਾਣੁ ਕਹਾਵੈ ।
ਅਵਲਿ ਅਉਲਿ ਦੀਨ ਕਰਿ ਮਿਠਾ,
ਮਸਕਲਮਾਨਾ ਮਾਲੁ ਮੁਸਾਵੈ ।
ਹੋਇ ਮੁਸਲਿਮ ਦੀਨ ਮੁਹਾਵੈ ।
ਮਰਣ ਜੀਵਣ ਕਾ ਭਰਮ ਚੁਕਾਵੈ ।
ਰੱਬ ਕੀ ਰਜਾਇ ਮੰਨੇ ਸਿਰ ਉਪਰਿ
ਕਰਤਾ ਮੰਨੇ ਆਪੁ ਗਵਾਵੈ ।
ਤਉ ਨਾਨਕ ਸਰਬ ਜੀਆ ਮਿਹਰੰਮਤ
ਹੋਇ ਤਾ ਮੁਸਲਮਾਣ ਕਹਾਵੈ ।

ਮੁਸਲਮਾਨ ਧਰਮ ਦੀ ਅਜਿਹੀ ਰਹੱਸਵਾਦੀ ਤੇ ਸੱਚੀ ਵਿਆਖਿਆ ਸੁਣ ਕੇ ਕਾਜ਼ੀ ਹੈਰਾਣ ਹੋਇਆ। ਸਭ ਦੀ ਤਸੱਲੀ ਹੋਈ। ਏਨੇ ਚਿਰ ਨੂੰ ਪੇਸ਼ੀ ਦੀ ਨਮਾਜ਼ ਦਾ ਸਮਾਂ ਹੋ ਗਿਆ। ਨਵਾਬ ਦੌਲਤ ਖ਼ਾਂ ਤੇ ਕਾਜ਼ੀ ਜੀ ਮਸੀਤ ਵਲ ਤੁਰ ਪਏ। ਗੁਰੂ ਜੀ ਭੀ ਉਨ੍ਹਾਂ ਦੇ ਨਾਲ ਹੋ ਤੁਰੇ। ਮਸੀਤੇ ਅਪੜ ਕੇ ਕਾਜ਼ੀ ਨੇ ਸਭ ਤੋਂ ਅੱਗੇ ਖੜੋ ਕੇ ਨਮਾਜ਼ ਪੜ੍ਹਨੀ ਸ਼ੁਰੂ ਕੀਤੀ। ਗੁਰੂ ਜੀ ਉਸ ਵਲ ਵੇਖ ਕੇ ਹੱਸ ਪਏ। ਨਮਾਜ਼ ਮੱਕਣ ਤੋਂ ਪਿਛੋਂ ਕਾਜ਼ੀ ਨੇ ਨਵਾਬ ਪਾਸ ਗੁਰੂ ਜੀ ਦੀ ਸ਼ਿਕਾਇਤ ਕੀਤੀ। ਜਦ ਨਵਾਬ ਨੇ ਗੁਰੂ ਜੀ ਪਾਸੋਂ ਨਮਾਜ਼ ਸਮੇਂ ਹੱਸਣ ਦਾ ਕਾਰਨ ਪੁਛਿਆ, ਤਾਂ ਗੁਰੂ ਜੀ ਦਾ ਉੱਤਰ ਇਹ ਸੀ :–

ਖਾਨ ਜੀ! ਕਾਜ਼ੀ ਕੀ ਕਿਆ ਪਰਵਾਹੁ ਪਈ ਹੈ। ਪਰ ਕਾਜ਼ੀ ਕੀ ਨਿਵਾਜੁ ਕਬੂਲ ਨਾ ਹੀ ਪਈ। ਮੈਂ ਇਸ ਵਾਸਤੇ ਹੱਸਿਆ ਹਾਂ। ਤਾਂ ਕਾਜ਼ੀ ਕਹਿਆ : ਜੋ ਇਹਨਾਂ ਕਿਛੁ ਪਾਇਆ ਹੈ ਤਾਂ ਮੇਰੀ ਤਕਸੀਰ ਜ਼ਾਹਰ ਕਰੋ ਜੀ। ਤਾਂ ਸ੍ਰੀ ਬਾਬੇ ਨਾਨਕ ਜੀ ਕਹਿਆ : ਖਾਨ ਜੀ! ਜਾਂ ਕਾਜ਼ੀ ਨਿਵਾਜੁ ਪਰ ਖੜਾ ਥਾ ਤਾਂ ਇਸਕਾ ਈਮਾਨੁ ਠਿਕਾਣੇ ਨਾ ਥਾ। ਇਸ ਦੀ ਘੋੜੀ ਸੂਈ ਥੀ। ਵਛੇਰੀ ਜੰਮੀ ਥੀ। ਏਹੁ ਵਛੇਰੀ ਛਾੜਿ ਕਰ ਇਥੈ ਆਇਆ ਥਾ। ਅਰ ਇਸ ਦੇ ਘਰ ਖੂਹੀ ਥੀ। ਤਾਂ ਇਸ ਨੇ ਮਨ ਵਿਚ ਕਹਿਆ, ਮਤ ਵਛੇਰੀ ਖੂਹੀ ਵਿਚਿ ਪਉਦੀ ਹੋਵੈ ਇਸਕਾ ਇਮਾਨ ਊਹਾਂ ਗਇਆ ਥਾ।

ਜਾਂ ਏਹ ਗਲ ਕਾਜ਼ੀ ਨੇ ਸੁਣੀ ਤਾਂ ਕਾਜ਼ੀ ਬਹੁਤ ਭਿਮਾਨ ਹੋਇਆ, ਤਾਂ ਆਏ ਕਾਜ਼ੀ ਨੇ ਸ੍ਰੀ ਬਾਬੇ ਜੀ ਦੇ ਪੈਰ ਚੁੰਮੇ। ਕਹੈ : 'ਵਾਹੁ ਨਾਨਕ! ਵਾਹੁ ਨਾਨਕ! ਵਾਹੁ ਨਾਨਕ! ਕਹੈ, ਇਸ ਕਉ ਬੜੀ ਖੁਦਾਇ ਦੀ ਨਿਵਾਜ਼ਸ਼ ਹੋਈ ਹੈ। ਤਾਂ ਕਾਜ਼ੀ ਦੀ ਨਿਸ਼ਾ ਹੋਈ ਤੇ ਕਾਜ਼ੀ ਕਹਿਆ। ਇਸ ਕਾ ਅੰਤ ਨਾਹੀ ਪਾਇਆ ਜਾਂਦਾ।' (ਪ੍ਰਾਚੀਨ ਜਨਮਸਾਖੀ)

ਕਾਜ਼ੀ ਨੇ ਅਗਲੇ ਦਿਨੀਂ ਵੀ ਗੁਰੂ ਜੀ ਨਾਲ ਆਪਣੀ ਵਿਚਾਰ ਜਾਰੀ ਰੱਖੀ। ਗੁਰੂ ਜੀ ਇਸ ਸੰਸਾਰ ਦੇ ਧਰਮਾਂ, ਕਰਮਾਂ, ਨੇਮਾਂ ਤੇ ਦਿਖਾਵੇ ਦੀ ਭਗਤੀ ਤੋਂ ਬਹੁਤ ਉਚੇਰੇ ਜਾ ਚੁਕੇ ਸਨ। ਕਾਜ਼ੀਆਂ ਜਾਂ ਕਰਮ ਕਾਂਡੀ ਲੋਕਾਂ ਦੇ ਵਿਚਾਰਾਂ ਨੂੰ ਉਹ ਬੜੀ ਨਿਰਭੈਤਾ ਨਾਲ ਰੱਦਦੇ ਸਨ। ਇਉਂ ਸਤਿਗੁਰੂ ਜੀ ਨੇ ਉਸ ਸਮੇਂ ਦੇ ਦਿਖਾਵੇ, ਫੋਕਟ-ਭਰੇ ਤੇ ਬਾਹਰੀ ਧਰਮਾਂ ਦਾ ਖੰਡਨ ਕਰਦਿਆਂ ਹੋਇਆਂ ਇਕ ਸੱਚੇ ਸਿੱਖ ਧਰਮ ਦੀ ਨੀਂਹ ਰੱਖੀ ਜਿਸ ਦੇ ਅਸੂਲਾਂ ਦਾ ਆਧਾਰ, ਵਾਹਿਗੁਰੂ ਦੀ ਹੋਂਦ ਉੱਤੇ ਨਿਸਚਾ ਲਿਆਉਣਾ, ਸੱਚ ਦੀ ਖੋਜ, ਨਿਜ ਆਤਮੇ ਦੀ ਪੜਚੋਲ, ਸਤਿਗੁਰੂ ਦੀ ਬਾਣੀ ਤੇ ਸੰਗੀਤ ਦਾ ਆਸਰਾ ਲੈ ਕੇ ਈਸ਼ਵਰੀ ਗਿਆਨ ਦੀ ਪ੍ਰਾਪਤੀ, ਨਾਮ ਜਪਣਾ, ਵੰਡ ਕੇ ਛਕਣਾ ਤੇ ਧਰਮ ਦੀ ਸੁਕਿਰਤ ਕਰਨਾ ਦਸਿਆ। ਇਤਿਹਾਸ ਸਾਖੀ ਹੈ ਕਿ ਖਾਲਸਾ ਪੰਥ ਜਦ ਕਦੇ ਇਹਨਾਂ ਅਸੂਲਾਂ ਤੋਂ ਪਰੇਡੇ ਗਿਆ ਤਾਂ ਉਹ ਘੋਰ ਦੁਖਾਂ ਦਾ ਸ਼ਿਕਾਰ ਹੋਇਆ ਪਰ ਜਦ ਕਦੇ ਨਾਮ ਬਾਣੀ ਦੀ ਧਾਰਨਾ ਧਾਰ ਕੇ ਇਹਨਾਂ ਅਸੂਲਾਂ ਉੱਤੇ ਚਲਣ ਵਿਚ ਦ੍ਰਿੜ ਹੋਇਆ ਤਾਂ ਇਸ ਦੀ ਹਰ ਮੈਦਾਨ ਫ਼ਤਹ ਤੇ ਚੜ੍ਹਦੀਆਂ ਕਲਾਂ ਪ੍ਰਾਪਤ ਹੋਈਆਂ।

——


www.AKJ.Org

# ਸੰਗਤ

( ਵਲੋਂ–ਪ੍ਰਿੰਸੀਪਲ ਮਿਹਰ ਸਿੰਘ ਜੀ ਡੇਹਰਾਦੂਨ )

ਗਿਆਨ ਪ੍ਰਾਪਤੀ ਦਾ ਭਾਵ ਹੀ ਇਹ ਹੈ ਕਿ ਸਿਖ ਇਹ ਸਮਝੇ ਕਿ ਉਸਨੂੰ ਆਪਣੇ ਆਪ ਦੀ ਕੋਸ਼ਿਸ਼ ਤੋਂ ਜੋ ਕੁਝ ਮਿਲਦਾ ਹੈ ਉਸ ਵਿਚ ਵਾਧਾ ਉਦੋਂ ਹੀ ਕਰ ਸਕਦਾ ਹੈ ਜਦੋਂ ਕਿ ਗੁਰਮਤਿ ਜਾਨੂਆਂ, ਨਾਮ ਰਸੀਆਂ ਤੇ ਨਾਮ ਅਭਿਆਸੀਆਂ ਦੇ ਨਾਲ ਮੇਲ ਜੋਲ ਕਰ, ਉਹਨਾਂ ਦੇ ਖ਼ਿਆਲਾਤ ਜੋ ਅਨਭਵ ਦੀ ਘਸਵਟੀ ਉਤੇ ਪਰਖੇ ਹੋਏ ਹੁੰਦੇ ਹਨ, ਸੁਣੇ, ਸਮਝੇ ਤੇ ਆਪਣੇ ਖ਼ਿਆਲਾਂ ਦੀ ਉਣਤਾਈ ਨੂੰ ਉਥੇ ਉਹਨਾਂ ਕੋਲ ਬੈਠ ਕੇ ਪੂਰਾ ਕਰੇ, ਇਸਦਾ ਨਾਉਂ ਸੰਗਤ ਹੈ। ਅਸਲ ਵਿਚ 'ਸੰਗਤ' ਜਿਸ ਨੂੰ ਅਸੀਂ ਸਤਿਸੰਗ ਯਾ ਸਤਿ ਸੰਗਤਿ ਆਖਦੇ ਹਾਂ। ਉਸ ਦਾਤੇ ਦੀ ਸੰਗਤਿ ਦਾ ਨਾਉਂ ਹੈ ਜੇਹੜੀ ਕਿ ਗੁਰਮੁਖਾਂ ਦੇ ਰਾਹੀਂ ਸਾਨੂੰ ਪ੍ਰਾਪਤ ਹੁੰਦੀ ਹੈ ਸੋ ਸਤਿ ਸੰਗਤਿ ਦਾ ਮਤਲਬ ਉਸ ਸਚੇ ਦਾਤਾਰ ਦੀ ਸੰਗਤਿ ਹੈ। ਗੁਰਵਾਕ ਅਨੁਸਾਰ 'ਸਤਿ ਸੰਗਤਿ ਕੈਸੀ ਜਾਨੀਐ, ਜਿਥੈ ਇਕੋ ਨਾਮ ਵਖਾਨੀਐ।' ਸਤਿ ਸੰਗਤਿ ਵਿਚ, ਕੇਵਲ ਉਸੇ ਅਕਾਲ ਪੁਰਖ ਦਾ ਜ਼ਿਕਰ ਤੇ ਉਸ ਦੀ ਰਚਨਾ ਦੀ ਅਦਭੁਤਤਾ ਦਾ ਵਰਨਣ, ਸਿਫ਼ਤੋ ਸਨਾਹ ਦੇ ਨੁਕਤਾ ਨਿਗਾਹ ਨਾਲ ਹੋਣਾ ਜ਼ਰੂਰੀ ਹੈ ਉਥੇ ਦੁਨਿਆਵੀ ਗਲਾਂ ਜੋ ਬਿਰਤੀ ਨੂੰ ਕੁਰਾਹੇ ਪਾਉਣ ਵਾਲੀਆਂ ਹੁੰਦੀਆਂ ਹਨ ਜ਼ਿਕਰ ਵਿਵਰਜਤ ਹੈ। ਸੰਗਤ ਵਿਚ ਜਿੰਨੀਆਂ ਸੁਚੀਆਂ ਬਿਰਤੀਆਂ ਵਾਲੇ ਬੈਠੇ ਹੋਏ ਹੋਣਗੇ ਓਨਾਂ ਹੀ ਆਨੰਦ ਆਵੇਗਾ। ਕਿਉਂ ਜੋ ਆਮ ਤੋਰ ਤੇ ਦੇਖਿਆ ਗਿਆ ਹੈ ਜਦੋਂ ਗੁਰਸਿਖ ਸੰਗਤ ਵਿਚ ਟਿਕ ਕੇ ਉਸ ਦਾਤੇ ਨਾਲ ਜੁੜ ਕੇ ਬੈਠਾ ਹੋਇਆ ਹੁੰਦਾ ਹੈ ਤੇ ਉਸ ਸਮੇਂ ਜੇ ਕੋਈ ਉਚੀ ਬਿਰਤੀ ਵਾਲਾ ਸਿਖ ਸੰਗਤ ਵਿਚ ਆ ਜਾਵੇ ਤਾਂ ਹੋਰ ਜੇਹੜੇ ਵੀ ਸਿਖ ਜੁੜ ਕੇ ਬੈਠੇ ਹੋਣਗੇ ਉਹਨਾਂ ਦੀ ਆਤਮਕ ਉਡਾਨਾਂ ਨੂੰ ਇਕ ਚੰਗੀ ਗਤਿ ਉਸ ਸਿਖ ਦੀ ਹਾਜ਼ਰੀ ਤੋਂ ਮਿਲੇਗੀ, ਐਸੀ ਗਲ ਉਹੀ ਅਨਭਵ ਕਰ ਸਕਦੇ ਹਨ ਜੋ ਆਪਣੀ ਕਮਾਈ ਦਵਾਰਾ ਦੇ ਜਲਵੇ ਲੈਂਦੇ ਰਹਿੰਦੇ ਹੋਣ।

ਹਰ ਸਿਖ ਜੋ ਆਤਮ ਖੋਜੀ ਹੈ ਤੇ ਗੁਰੂ ਘਰ ਦਾ ਸ਼ਰਧਾਲੂ ਹੈ ਇਕ ਐਸੇ ਦੀਪਕ ਦੇ ਸਮਾਨ ਹੈ ਜਿਸਦੇ ਆਪਣੇ ਹੇਠਾਂ ਅੰਧੇਰਾ ਹੋ ਸਕਦਾ ਹੈ ਇਹ ਅੰਧੇਰਾ ਅਸੀਂ ਸੰਗਤ ਰਾਹੀਂ ਹੀ ਦੂਰ ਕਰ ਸਕਦੇ ਹਾਂ ਸੰਗਤਿ ਦਾ ਅਸਰ ਮਨੁਖ ਨੂੰ ਠੰਡ ਦੇਣ ਵਾਲਾ ਹੰਦਾ ਹੈ। ਕੇਵਲ ਸੰਗਤਿ ਹੀ ਆਤਮਕ ਖੋਜੀ ਦਾ ਇਹ ਅੰਧੇਰਾ ਦੂਰ ਕਰਨ ਦੀ ਤਾਕਤ ਰਖਦੀ ਹੈ ਤਾਂ ਹੀ ਤੇ ਇਸਦੇ ਬਾਰੇ ਗੁਰਬਾਣੀ ਵਿਚ ਫੁਰਮਾਨ ਹੈ 'ਸਿਰ ਨ੍ਹਾਵਨ ਚਲੀ ਲਾਡਲੀ' ਅਰਥਾਤ ਮਨੁਖ ਦੀ ਬੁਧੀ ਰੂਪੀ ਇਸਤਰੀ ਸਾਧ ਸੰਗਤਿ ਵਿਚ ਹੀ ਆਪਣੀ ਅੰਧੇਰੇ ਰੂਪੀ ਮੈਲ ਧੋਣ ਜਾਂਦੀ ਹੈ। ਸੰਗਤਿ ਕਰਨਾ ਗੁਰਸਿਖ ਲਈ ਬਹੁਤ ਹੀ ਜ਼ਰੂਰੀ ਹੀ ਨਹੀਂ ਬਲਕਿ ਇਸ ਤੋਂ ਬਗੈਰ ਉਹ ਕਿਸੇ ਵੀ ਗਿਣਤੀ ਵਿਚ ਨਹੀਂ ਆਉਂਦਾ। ਭਲੇ ਹੀ ਸਿਖ ਕਿਤਨੀ ਹੀ ਉਚੀ ਬ੍ਰਿਤੀ ਦਾ ਮਾਲਕ ਹੋਵੇ ਤੇ ਇਥੋਂ ਤਕ ਕਿ ਆਪਣੇ ਆਪ ਨੂੰ ਸੰਤ ਕਿਉਂ ਨਾ ਕਹਿਲਾਉਣ ਲਗ ਪਵੇ ਫੇਰ ਵੀ ਉਸ ਵਾਸਤੇ ਨਿਰੰਤਰ ਸੰਗਤ ਕਰਨਾ ਜ਼ਰੂਰੀ ਹੈ। ਉਹ ਸੰਗਤਿ ਵਿਚ ਕੁਝ ਪ੍ਰਾਪਤ ਕਰਨ ਦੇ ਵਿਚਾਰ ਨਾਲ ਜਾਵੇ। ਕਿਉਂ ਜੋ ਦੂਸਰੇ ਵਿਚਾਰ ਨਾਲ ਤਾਂ ਫੇਰ ਉਹ ਇਸ ਗੁਰਵਾਕ ਦੇ ਭਾਵ ਤੋਂ ਖਾਲੀ ਸਮਝਿਆ


www.AKJ.Org

ਜਾਵੇਗਾ ਕਿ 'ਠੀਤੇ ਭਰੇ, ਭਰੇ ਸਖਨਾਵੈ, ਇਹ ਤਾਕੋ ਬਿਵਹਾਰੋ' ਉਚੀ ਬਿਰਤੀ ਰਖਦਿਆਂ ਹੋਇਆਂ ਵੀ ਆਪਣੇ ਆਪ ਨੂੰ ਖਾਲੀ ਸਮਝਕੇ ਸੰਗਤਿ ਵਿਚ ਕੁਝ ਪ੍ਰਾਪਤੀ ਵਾਸਤੇ ਜਾਣਾ ਚਾਹੀਦਾ ਹੈ। ਸੰਗਤਿ ਤੋਂ ਸਵਾਏ ਕੋਈ ਹੋਰ ਜਗ੍ਹਾ ਐਸੀ ਨਹੀਂ ਜੋ ਸਿਖ ਦੇ ਅੰਦਰ ਦੀ ਮੈਲ ਧੋ ਸਕੇ। ਗੁਰਵਾਕ ਗਵਾਹੀ ਦੇ ਰਿਹਾ ਹੈ ਕਿ—

ਕਸਮਲ ਪਾਪ ਝਰੇ ਤੇਰੇ ਮਨੂਆ।

ਪੁਨ: ਸਾਧ ਸੰਗਤਿ ਬੈਕੁੰਠੇ ਜਾਇ।

ਸਾਧ ਸੰਗਤਿ ਵਿਚ ਕਿਹੜੀ ਖਾਸ ਚੀਜ਼ ਹੁੰਦੀ ਹੈ ਆਉ ਵਿਚਾਰ ਕਰੀਏ।

ਇਸ ਵਿਚ ਚਾਰ ਚੀਜ਼ਾਂ ਦਾ Combination ਹੁੰਦਾ ਹੈ ਤੇ ਇਹਨਾਂ ਚੌਹਾਂ ਚੀਜ਼ਾਂ ਦਾ ਜੋੜ ਹੀ ਗੁਰਸਿਖ ਲਈ ਲਾਭ ਦਾ ਕਾਰਨ ਹੁੰਦਾ ਹੈ। ਸਭ ਤੋਂ ਪਹਿਲਾ ਤੇ ਮੁਖ ਅੰਗ ਗੁਰੂ ਮਹਾਰਾਜ ਜੀ ਦੀ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਪ੍ਰਸੰਸਾ ਹੁੰਦੀ ਹੈ। ਗੁਰੂ ਮਹਾਰਾਜ ਜੀ ਦਾ ਪ੍ਰਕਾਸ਼ ਸੰਗਤ ਵਿਚ ਬਹੁਤ ਜ਼ਰੂਰੀ ਹੈ ਕਿਉਂ ਜੋ ਮੇਨ ਸਵਿਚ ਤੋਂ ਬਗੈਰ ਦੂਜੀਆਂ ਬਤੀਆਂ ਦਾ ਜਲਨਾ ਨਹੀਂ ਹੋ ਸਕਦਾ। ਆਤਮਕ ਲਹਿਰਾਂ ਦਾ ਸੋਮਾਂ ਗੁਰੂ ਮਹਾਰਾਜ ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਹਨ। ਸੰਗਤ ਵਿਚ ਵਿਰਲੇ ਹੀ ਐਸੇ ਸੁਭਾਗੀ ਹੁੰਦੇ ਹਨ ਜਿਨ੍ਹਾਂ ਤੇ ਗੁਰੂ ਮਹਾਰਾਜ ਜੀ ਦੀ ਬਹੁਤ ਕਿਰਪਾ ਹੁੰਦੀ ਹੈ ਤੇ ਜਿਹੜੇ ਆਪਣੀ ਕਮਾਈ ਤੇ ਘਾਲਣਾ ਦੇ ਕਾਰਨ ਦਿਹ ਆਤਮਕ ਲਹਿਰਾਂ ਗੁਰੂ ਮਹਾਰਾਜ ਜੀ ਦੀ ਮਹਾਂ ਪਵਿਤ੍ਰ ਹਾਜ਼ਰੀ ਵਿਚ ਅਨਭਵ ਕਰ ਸਕਦੇ ਹਨ।

ਉਹ ਖੀਵੇ ਹੋ ਕੇ ਗੁਰੂ ਮਹਾਰਾਜ ਜੀ ਦੀ ਹਾਜ਼ਰੀ ਵਿਚ ਇਕ ਅਜੀਬ ਪ੍ਰਕਾਰ ਦੀ ਥਰਕੰਮਨੀ ਅੰਦਰੋਂ ਅੰਦਰ ਹੀ ਮਹਿਸੂਸ ਕਰਦੇ ਹੋਏ ਖੰਡਾ ਖੜਕਾਉਂਦੇ ਜਾਂਦੇ ਹਨ ਤੇ ਗੁਰਬਾਣੀ ਦੇ ਛਾਂਦੇ ਛਕਦੇ ਜਾਂਦੇ ਹਨ। ਇਹ ਛਾਂਦੇ ਪੀ ਪੀ ਕੇ ਖੀਵੇ ਹੋ ਕੇ ਅੰਦਰਲਾ ਆਨੰਦ ਮਹਿਸੂਸ ਕਰਕੇ ਸ਼ਰਧਾ ਤੇ ਭਾਵਨਾਂ ਦੇ ਪੈਰਾਂ ਤੇ ਖੜੇ ਰਹਿੰਦੇ ਹਨ ਤੇ ਕਦੀ ੨ ਇਕ ਜੋਸ਼ ਜਿਹਾ ਮਹਿਸੂਸ ਕਰਦੇ ਹਨ ਤੇ ਫ਼ੇਰ ਉਸ ਨੂੰ ਰੋਕ ਕੇ ਉਸ ਦਾਤਾਰ ਨਾਲ ਜੁੜੇ ਰਹਿੰਦੇ ਹਨ। ਐਸੇ ਮਨੁਖਾਂ ਨੂੰ ਉਨ੍ਹਾਂ ਜੇਹੇ ਮਨੁਖ ਹੀ ਪਹਿਚਾਨ ਸਕਦੇ ਹਨ ਤੇ ਜਦੋਂ ਕੋਈ ਬਿਰਤੀ ਵਾਲਾ ਸਜਨ ਸੰਗਤ ਵਿਚ ਆ ਜਾਂਦਾ ਹੈ ਤਾਂ ਦੂਜੇ ਬਿਰਤੀ ਵਾਲਿਆਂ ਦੀਆਂ ਅੰਦਰ ਦੀਆਂ ਆਤਮਕ ਲਹਿਰਾਂ ਦਾ ਓਦਗਾਰ ਤੇਜ਼ ਹੋ ਜਾਂਦਾ ਹੈ। ਕਿਉਂ ਜੋ ਇਹ ਤਾਂ ਸੁਭਾਵਕ ਹੀ ਹੈ ਕਿ ਪਾਣੀ ਵਿਚ ਪਾਣੀ ਰੋਸ਼ਨੀ ਵਿਚ ਰੋਸ਼ਨੀ, ਹਵਾ ਵਿਚ ਹਵਾ ਮਿਲਨ ਕਰਕੇ ਤੱਤਾਂ ਦੀ ਅਧਿਕਤਾ ਹੁੰਦੀ ਹੈ। ਗੁਰੂ ਸਾਹਿਬਾਨ ਦੀ ਹਾਜ਼ਰੀ ਵਿਚ ਇਹ Flow ਬਹੁਤ ਸਵੱਛ ਤੇ ਬਕਾਇਦਾ ਹੁੰਦਾ ਹੈ ਕਿਉਂ ਜੋ ਖੇਡ ਖੜਾਉਣ ਵਾਲਾ ਆਪ ਖੇਡ ਵੇਖਦਾ ਹੈ ਤੇ ਵੇਖ ਵੇਖ ਕੇ ਚਾਅ ਵਿਚ ਆਉਂਦਾ ਹੈ। ਇਹ ਗਲ ਬਾਰੀਕ ਹੈ। ਸਮਝਣ ਦੀ ਲੋੜ ਹੈ। ਇਸ ਦੀ ਵਧੇਰੀ ਸਮਝ ਅਨਭਵੀ ਮਨੁਖਾਂ ਨੂੰ ਲਗੇਗੀ ਕਿਤੇ ਜੋ ਉਹਨਾਂ ਦੇ ਤਾਂ ਇਹ ਅਨਭਵ ਦੀ ਹੀ ਚੀਜ਼ ਹੈ।

ਸੰਗਤ ਵਿਚ ਦੂਜੀ ਚੀਜ਼ ਜੋ ਇਸ ਖੇਡ ਦਾ ਸੁਥਰਾ ਅੰਗ ਮੰਨਿਆ ਗਿਆ ਹੈ ਉਹ ਹੈ ਕੀਰਤਨੀਏ ਦੀ ਬਿਰਤੀ। ਜੇ ਕਰ ਕੀਰਤਨੀਆ ਅੰਦਰਲੀ ਬ੍ਰਿਤੀ ਦਾ ਸਹਾਰਾ ਨਹੀਂ ਲੈ ਰਿਹਾ ਤੇ ਉਸਦੇ ਕੀਰਤਨ ਦਾ ਮੰਤਵ ਕਮਾਈ ਹੈ ਤਾਂ ਫ਼ੇਰ ਉਹ ਸੰਗਤ ਉਤੇ ਆਪਣੇ ਕੀਰਤਨ ਦਾ ਇਤਨਾ ਪ੍ਰਭਾਵ ਨਹੀਂ ਪਾ ਸਕੇਗਾ। ਉਸਦਾ ਕੀਰਤਨ ਰਾਗ ਰੂਪੀ ਹੀ ਹੋਵੇਗਾ। ਜੇ ਕਰ ਉਹ ਚੰਗਾ ਰਾਗੀ ਹੈ ਤਾਂ ਉਹ ਸਰੋਤਿਆਂ ਨੂੰ ਆਪ ਰਸ ਨਾਲ ਤਾਂ ਜ਼ਰੂਰ ਪ੍ਰਸੰਨ ਕਰ ਲਵੇਗਾ ਪਰ ਅੰਦਰਲੀ ਛੋਹ ਤਕ ਨਹੀਂ ਪਹੁੰਚੇਗਾ ਅਤੇ ਉਹ ਚੀਜ਼ ਜੋ ਆਤਮਾ ਨਾਲ ਸੰਬੰਧ ਰਖਦੀ ਹੈ ਤੇ ਸ੍ਰੋਤਿਆਂ ਨੂੰ ਨਹੀਂ ਪੇਸ਼ ਕਰ ਸਕੇਗਾ ਕਿਉਂ ਜੋ ਕੀਰਤਨੀਆ ਉਸ ਚੀਜ਼ ਤੋਂ ਆਪ ਹੀ ਖਾਲੀ ਹੈ ਉਸ ਦੇ ਕੀਰਤਨ ਤੇ ਆਤਮਕ ਛੋਹ ਦੇ ਦਰਮਿਆਨ ਸੁਵਾਰਥ ਦੀ ਕੰਧ ਹੈ।

ਹਰੀ ਦਾ ਨਾਮ ਗਾਈਏ ਤੇ ਰੰਗ ਨਾਲ ਗਾਈਏ ਤਾਂ ਤੇ ਆਪ ਅਤੇ ਸਰੋਤੇ ਵੀ ਪ੍ਰਭਾਵਤ ਹੁੰਦੇ ਹਨ। ਭਾਵ ਇਹ ਹੈ ਕਿ ਪ੍ਰਭਾਵਿਤ ਆਤਮਕ ਪਹਿਲੂ ਨਾਲ ਹੁੰਦੇ ਹਨ ਜਿਹੜਾ ਕਿ ਰਾਗ ਨਾਲ ਪ੍ਰਭਾਵਿਤ ਹੋਣ ਨਾਲੋਂ


www.AKJ.Org

ਜ਼ਿਆਦਾ ਕੀਮਤੀ ਹੈ । ਐਸਾ ਕੀਰਤਨੀਆ ਜੋ ਆਪਣੇ ਅੰਦਰਲੇ ਨਾਲ ਜੁੜ ਕੇ ਕੀਰਤਨ ਕਰੇਗਾ ਉਸਦਾ ਕੀਰਤਨ ਦਿਲ ਦੀ ਅੰਦਰਲੀ ਤੈਅ ਤੇ ਪਹੁੰਚਕੇ ਮਨੁਖੀ ਦਿਲ ਨੂੰ ਟੁੰਬੇਗਾ ਤੇ ਸਰੋਤਿਆਂ ਨਾਲ ਕੀਰਤਨੀਆਂ ਵੀ ਇਕ-ਸੁਰ ਹੋ ਕੇ ਆਪਣੇ ਆਪ ਸੰਗਤ ਨੂੰ ਫ਼ਾਇਦਾ ਦੇਂਦਾ ਹੋਇਆ ਆਪ ਵੀ ਗੁਰੂ ਦੀ ਕ੍ਰਿਪਾ ਦਾ ਪਾਤਰ ਬਣ ਜਾਵੇਗਾ । ਸੋ ਸਿੱਟਾ ਇਹ ਨਿਕਲਿਆ ਕਿ ਕੀਰਤਨੀਏ ਦੀ ਬਿਰਤੀ ਵੀ ਸੰਗਤ ਦਾ ਇਕ ਐਸਾ ਅੰਗ ਹੈ ਜਿਹੜਾ ਕਿ ਸੰਗਤ ਦੀ ਬਿਰਤੀਆਂ ਉਚਾ ਉਠਾਣ ਤੇ ਬਹੁਤ ਮਹੱਤਵਪੂਰਨ ਫ਼ਰਜ਼ ਨਿਭਾਉਂਦਾ ਹੈ । ਕੀਰਤਨੀਏ ਵਲੋਂ ਵੀ ਆਤਮਕ ਲਹਿਰਾਂ ਗੂੰਜਾਂ ਪਾਉਂਦੀਆਂ ਹਨ ।

ਭਗਤਿ ਭਾਇ ਹਰਿ ਕੀਰਤਨ ਕਰੀਐ ।
ਜਪ ਪਾਰਬ੍ਰਹਮ ਨਾਨਕ ਨਿਸਤਰੀਐ ।

ਪੁਨਾ : ਭਲੋ ਭਲੋ ਰੇ ਕੀਰਤਨੀਆ
ਰਾਮ ਰਮਾ ਰਾਮਾ ਗੁਨ ਗਾਉ ।

ਤਹਾ ਬੈਕੁੰਠ ਜਾ ਕੀਰਤਨ ਤੇਰਾ ਤੂ ਆਪੇ ਸਰਧਾ ਲਾਹਿ।

ਕੀਰਤਨ ਨਿਰਮੋਲਕ ਹੀਰਾ, ਅਨੰਦ ਗੁਨੀ ਗਹੀਰਾ ।

ਮਨ ਰੇ, ਹਰਿ ਕੀਰਤਨ ਤਰ ਤਾਰੀ।

ਖੁਲ੍ਹਿਆ ਕਰਮ, ਕ੍ਰਿਪਾ ਭਈ ਠਾਕੁਰ
ਕੀਰਤਨ ਹਰਿ ਹਰਿ ਗਾਈ।

ਇਹ ਸਾਰੇ ਮਹਾਂਵਾਕ ਕੀਰਤਨ ਦੀ ਮਹੱਤਤਾ ਦਰਸਾਉਂਦੇ ਹਨ। ਕੀਰਤਨ ਕਰਨ ਵਾਲਾ ਜੇ ਬਿਰਤੀ ਵਾਲਾ ਹੋਵੇਗਾ ਤਾਂ ਕੀਰਤਨ ਦੀ ਤਾਲ ਸੁਰ ਉਤੇ ਸੋਨੇ ਤੇ ਸੋਹਾਗੇ ਦਾ ਕੰਮ ਹੋਵੇਗਾ ।

ਤੀਜਾ ਅੰਗ ਸੰਗਤ ਵਿਚ ਉਚੀ ਉਚੀ ਬਿਰਤੀ ਵਾਲੇ ਗੁਰੂ ਸਵਾਰੇ, ਪੁਗ ਖਲੋਤੇ ਹੋਏ ਸਿਖ ਹਨ। ਜੋਹੜੇ ਕਿ ਗੁਰੂ ਜੀ ਦੀ ਗੋਦ ਵਿਚ ਬੈਠ ਕੇ ਉਸ ਦੀ ਕ੍ਰਿਪਾ ਵਾਸਤੇ ਖਿਨ ਖਿਨ ਅੰਦਰਲੀ ਜ਼ਬਾਨ ਨਾਲ ਜੋਦੜੀ ਤੇ ਮਿੰਨਤ ਕਰ ਰਹੇ ਹੁੰਦੇ ਹਨ । ਇਹਨਾਂ ਦੀ ਪਹਿਚਾਨ ਇਹਨਾਂ ਵਰਗੇ ਮਿਠੇ ਸਿੰਘ ਹੀ ਕਰ ਸਕਦੇ ਹਨ ਅਤੇ ਆਪੋ ਵਿਚ ਮਿਕਨਾਤੀਸੀ ਨਜ਼ਰਾਂ ਤੇ ਹਿਰਦੇ ਨਾਲ ਇਕ ਮਿਕ ਹੋਏ ਰਹਿੰਦੇ ਹਨ । ਇਹ ਪਹਿਚਾਨ ਦਾ ਨਾਪ ਨਿਰਮਲ ਹਿਰਦਾ ਹੁੰਦਾ ਹੈ । ਜਿਸ ਨਾਲ ਉਹ ਅੱਖੀਆਂ ਖੋਲ੍ਹਿਆਂ ਬਗੈਰ ਹੀ ਸਮਝ ਜਾਂਦੇ ਹਨ । ਗੁਰੂ ਦੀ ਕ੍ਰਿਪਾ ਕੀ ਕੁਝ ਨਹੀਂ ਸਮਝਾ ਦੇਂਦੀ ? ਗੁਰੂ ਦਾ ਮਿਹਰ ਭਰਿਆ ਹਥ ਉਹਨਾਂ ਤੇ ਹੁੰਦਾ ਹੈ। ਇਹੀ ਹੀਰੇ ਮੋਤੀ ਹਨ ਜਿਨ੍ਹਾਂ ਦੇ ਬਾਰੇ ਕਿਹਾ ਗਿਆ ਹੈ ਕਿ ਸੰਗਤ ਵਿਚ ਬਹੁਤ ਸਾਰੇ ਗੁਝੇ ਹੀਰੇ ਮੋਤੀ ਹੁੰਦੇ ਹਨ। ਇਹਨਾਂ ਵਲੋਂ ਵੀ ਆਤਮਕ ਕਿਰਨਾਂ ਨਿਕਲਦੀਆਂ ਹਨ ਜੋਹੜੀਆਂ ਕਿ ਗੁਰੂ ਸਥਾਨ ਦੇ ਹਾਲ ਯਾ ਕਮਰੇ ਦੇ ਵਾਧੂ ਮੰਡਲ ਵਿਚ ਫਿਰਦੀਆਂ ਹਨ ਤੇ ਇਕ ਦੂਜੇ ਨੂੰ ਆਤਮਕ ਤੌਰ ਤੇ ਜੋੜ ਦੇਂਦੀਆਂ ਹਨ ।

ਚੌਥਾ ਅੰਗ ਸੰਗਤ ਵਿਚ ਪ੍ਰਾਪਤੀ ਕਰਨ ਵਾਲੇ, ਇਛਾਵਾਨ, ਮੁਤਲਾਸ਼ੀ ਦਾ ਆਪਨਾ ਆਪ ਹੁੰਦਾ ਹੈ, ਜੋ ਮੁਤਲਾਸ਼ੀ (ਤਲਾਸ਼ ਕਰਨ ਵਾਲਾ) ਦਾ ਆਪਣਾ ਹਿਰਦਾ ਖਿਚਣ ਵਾਲਾ ਹੋਵੇਗਾ ਤਾਂ ਉਹ, ਉਤੇ ਦਸੇ ਹੋਏ ਸੰਗਤ ਦੇ ਤਿੰਨ ਅੰਗਾਂ ਤੋਂ ਆਤਮਕ ਕਿਰਨਾਂ ਠੀਕ ਠੀਕ ਲੈ ਸਕੇਗਾ ਨਹੀਂ ਤਾਂ ਉਹ ਅਭਾਗਾ, ਭਰੇ ਤਾਲਾਬ ਵਿਚ ਪਿਆਸਾ ਉਠ ਜਾਏਗਾ । ਐਸੇ ਸਜਨ ਆਮ ਤੌਰ ਤੇ ਇਹ ਆਖਿਆ ਕਰਦੇ ਹਨ ਕਿ ਗੁਰਦਵਾਰੇ ਕੀ ਪਿਆ ਹੋਇਆ ਹੈ। ਉਹ ਆਪਣੇ ਅੰਦਰਲੇ ਖੋਟੇ ਤੇ ਕਾਲੇ ਮਨ ਕਰਕੇ ਗੁਰਦਵਾਰੇ ਜਾਣ ਤੋਂ ਮਤਨੱਫਰ ਹੋਏ ਰਹਿੰਦੇ ਹਨ ਉਹਨਾਂ ਦਾ ਚੁੰਚ ਗਿਆਨ ਹੀ ਉਹਨਾਂ ਦੀ ਬੇੜੀ ਡੋਬਨ ਵਾਸਤੇ ਕਾਫ਼ੀ ਹੁੰਦਾ ਹੈ । ਲੋਕਾਂ ਨੂੰ ਭਾਵੇਂ ਉਹ ਪਤਿਆ ਲੈਣ ਪਰ 'ਲੋਕ ਪਤੀਨੇ ਕਛੂ ਨ ਹੋਵੈ ਨਾਹੀ ਰਾਮ ਅੰਞਾਣਾ' ਉਹ ਅੰਤ ਵਿਚ ਉਸੇ ਗੇੜ ਵਿਚ ਪੈ ਜਾਂਦੇ ਹਨ।

ਆਪਣੇ ਮਨ ਦਾ ਸ਼ਰਧਾਵਾਨ ਹੋਣਾ, ਆਤਮਕ ਖੋਜ ਦਾ ਚਾਹਵਾਨ ਹੋਣਾ ਆਤਮਕ ਰੰਗਣ ਦੀ ਲਾਲਸਾ ਕਰਨਾ ਤੇ ਆਪਣੇ ਮਨ ਨੂੰ ਨਿਰਮਾਣਤਾ ਵਿਚ ਲਿਆਉਣਾ ਹੀ ਸੰਗਤ ਵਿਚੋਂ ਕੁਝ ਗ੍ਰਹਿਣ ਕਰਨ ਦੀ ਪਹਿਲੀ ਪੌੜੀ ਹੈ ਜਿਨਾਂ ਦਿਲ ਦਾ ਬਲਬ ਸਾਫ਼ ਹੋਵੇਗਾ ਉਹ ਉਤਨੀ ਹੀ ਚੰਗੀ ਤਰ੍ਹਾਂ ਆਤਮਕ ਰੋਸ਼ਨੀ ਦੇਵੇਗਾ ।*

www.AKJ.Org

# ਸਿਧ–ਗੋਸ਼ਟ

( ਵਲੋਂ–ਪ੍ਰੋ. ਪਿਆਰਾ ਸਿੰਘ ਜੀ ਪਦਮ, ਪਟਿਆਲਾ )

ਗੋਸ਼ਟਿ ਦਾ ਸ਼ਬਦੀ ਅਰਥ ਹੈ–ਬਹਿਸ ਜਾਂ ਵਿਚਾਰ-ਚਰਚਾ। ਇਹ ਇਕ ਪ੍ਰਾਚੀਨ ਸਾਹਿਤ-ਰੂਪ ਜਿਸ ਵਿਚ ਕੋਈ ਮਸਲਾ ਸਵਾਲ ਜਵਾਬ ਰਾਹੀਂ ਸਪਸ਼ਟ ਕੀਤਾ ਜਾਂਦਾ ਹੈ। ਪ੍ਰਾਚੀਨ ਹਿੰਦੀ ਤੇ ਪੰਜਾਬੀ ਸਾਹਿਤ ਵਿਚ ਕਈ ਗੋਸ਼ਟਾਂ ਮਿਲਦੀਆਂ ਹਨ ਜਿਨ੍ਹਾਂ ਅੰਦਰ ਤਾਰਕਿਕ ਪੱਖ ਤੋਂ ਕਈ ਅਧਿਆਤਮਕ ਸਿੱਧਾਂਤਾਂ ਤੇ ਮਜ਼ਬੀ ਅਕੀਦਿਆਂ ਦੀ ਪਰਖ ਪੜਤਾਲ ਕੀਤੀ ਗਈ ਹੈ। ਜਿਵੇਂ ਕਿ ਸਿੱਧ ਸਾਹਿਤ ਵਿਚ ਮਹਾਂਦੇਵ ਗੋਰਖ ਗੋਸ਼ਟਿ, ਗੋਰਖ ਗਣੇਸ਼ ਗੋਸ਼ਟਿ, ਗੋਰਖ ਦੱਤ ਗੋਸ਼ਟਿ ਇਤਿਆਦਿ।

ਅਜ ਤੋਂ ਪੰਜ ਸਦੀਆਂ ਪਹਿਲਾਂ ਪੰਜਾਬ ਵਿਚ ਜੋਗ ਮਤ ਦਾ ਤਕੜਾ ਜ਼ੋਰ ਸੀ। ਜਿਸ ਸਮੇਂ ਗੁਰੂ ਨਾਨਕ ਸਾਹਿਬ ਨੇ ਆਪਣੀ ਨਵੀਂ ਵਿਚਾਰਧਾਰਾ ਦਰਸਾਈ ਤਾਂ ਉਨ੍ਹਾਂ ਲਈ 'ਹਠ ਯੋਗ' ਦੇ ਗ਼ਲਤ ਅਕੀਦਿਆਂ ਤੇ ਜੋਗੀਆਂ ਦੇ ਭੇਖਾਂ ਭਰਮਾਂ ਨੂੰ ਰੱਦ ਕਰਨਾ ਜ਼ਰੂਰੀ ਸੀ ਜਿਨ੍ਹਾਂ ਬਾਰੇ ਲੋਕਾਂ ਵਿਚ ਕਈ ਤਰ੍ਹਾਂ ਦੇ ਵਿਸ਼ਵਾਸ਼ ਬਣੇ ਹੋਏ ਸਨ। ਆਮ ਨਿਸਚਾ ਸੀ ਕਿ ਸਾਂਖ ਵਰਗਾ ਕੋਈ ਗਿਆਨ ਨਹੀਂ ਤੇ ਯੋਗ ਸਮਾਨ ਕੋਈ ਸ਼ਕਤੀ ਨਹੀਂ।

ਇਹ ਠੀਕ ਹੈ ਮਨ ਨੂੰ ਕਾਬੂ ਕਰਨ ਲਈ ਸਰੀਰ ਦੀ ਸਾਧਨਾ ਕੁਝ ਹਦ ਤਕ ਸਹਾਈ ਹੋ ਸਕਦੀ ਹੈ। ਪਰ ਧਰਮ ਇਹ ਕੁਝ ਨਹੀਂ। ਧਰਮ ਮਨ ਨੂੰ ਬੁਰਿਆਈਆਂ ਤੋਂ ਵਰਜ ਕੇ ਚੰਗੇ ਉਸਾਰੂ ਪਾਸੇ ਵਲ ਲਾਉਣਾ ਹੈ ਜਿਸ ਦੁਆਰਾ ਵਿਅਕਤੀ ਦਾ ਵਿਕਾਸ

---

*ਸੋ ਗਲ ਇਉਂ ਬਨੀ ਕਿ ਸੰਗਤ ਵਿਚ (੧) ਗੁਰੂ ਮਹਾਰਾਜ ਜੀ ਦਾ ਆਪ ਦੀ ਵਿਅਕਤਿਤਵ ਦਾ, (੨) ਕੀਰਤਨੀਏ ਦਾ (੩) ਉਚੀ ਤੇ ਸੁਚੀ ਬਿਰਤੀ ਵਾਲੇ ਹੀਰੇ ਮੋਤੀਆਂ ਦਾ (੪) ਮੁਤਲਾਸ਼ੀ ਦੇ ਆਪਣੇ ਆਪ ਦਾ ਇਕ ਚੱਕਰ ਬਣਦਾ ਹੈ ਤਾਂ ਫਿਰ ਸੰਗਤ ਵਿਚ ਕੁਝ ਪ੍ਰਾਪਤ ਹੁੰਦਾ ਹੈ। ਜੇ ਇਹਨਾਂ ਅੰਗਾਂ ਵਿਚੋਂ (ਸਿਵਾਏ ਪਹਿਲੇ ਅੰਗ ਦੇ ਜੋ ਆਪ ਸੰਪੂਰਨ ਹੈ) ਕੋਈ ਕਮਜ਼ੋਰ ਹੋਇਆ ਤਾਂ ਚੱਕਰ ਠੀਕ ਨਹੀਂ ਬਝੇਗਾ। ਜੇ ਕਦੇ ਕੁਝ ਕੁ ਬਝੇਗਾ ਵੀ ਤਾਂ ਉਤਨੀ ਤਾਕਤ ਵਾਲਾ ਨਹੀਂ ਹੋਵੇਗਾ। ਬਿਜਲੀ ਦੀ ਲਹਿਰ ਦਾ ਕੋਈ ਕਸੂਰ ਨਹੀਂ ਜੇ ਬਲਬ ਠੀਕ ਨਹੀਂ ਹੋਣਗੇ ਤਾਂ ਬਿਜਲੀ ਦਾ ਚਾਨਣ ਠੀਕ ਨਹੀਂ ਹੋ ਸਕੇਗਾ ਅਤੇ ਸਾਫ ਲਾਈਟ ਨਹੀਂ ਮਿਲੇਗੀ। ਇਸ ਤੋਂ ਭਾਵ ਇਹ ਹੈ ਕਿ ਗੁਰੂ ਸਾਹਿਬਾਨ ਦੀ ਹਜ਼ੂਰੀ ਵਿਚ ਬੈਠਕੇ ਕੀਰਤਨੀਏ ਤੇ ਮੁਤਲਾਸ਼ੀ ਨੂੰ ਖਾਸ ਕਰਕੇ ਹੁਸ਼ਿਆਰ ਰਹਿਣਾ ਚਾਹੀਦਾ ਹੈ। ਸੰਗਤ ਦਾ ਹਰੇਕ ਵਿਅਕਤੀ ਮੁਤਲਾਸ਼ੀ ਹੈ ਕੀਰਤਨੀਆ ਵੀ ਮੁਤਲਾਸ਼ੀ ਹੈ ਉਚੀ ਬਿਰਤੀ ਵਾਲੇ ਮੁਤਲਾਸ਼ੀ ਹਨ, ਸੋ ਕੀਰਤਨੀਏ, ਉਚੀ ਬਿਰਤੀ ਵਾਲੇ ਸਜਨ ਤੇ ਮੁਤਲਾਸ਼ੀ ਸਭਨਾਂ ਵਾਸਤੇ ਸਾਵਧਾਨ ਰਹਿਣਾ ਜ਼ਰੂਰੀ ਹੈ ਤਾਂ ਹੀ ਗੁਰੂ ਕ੍ਰਿਪਾ ਦੀ ਵਰਸ਼ਾ ਹੋਵੇਗੀ।

ਗੁਰਵਾਕਾਨੁਸਾਰ–

ਗੁਰ ਮਿਲ ਵਰਸਨ ਲਾਗੀ ਮੇਹਾ।
ਸਾਧ ਸੰਗਤ ਮਿਲ ਨਾਮ ਜਪੇਹਾ।

ਗੁਰੂ ਆਪ ਤਰੁਠੇਗਾ ਤਾਂ ਉਸ ਵੇਲੇ ਸੁਚੀ ਤੇ ਸਾ[illegible] ਸੰਗਤ ਹੋਵੇਗੀ।

ਸਚੀ ਸੰਗਤਿ ਤਿਨਾ ਸਿਉ ਜਿਨ ਮਿਲਿ ਜਪੀਐ ਨਾਉ

—o—



www.AKJ.Org

ਹੋ ਸਕੇ ਪਰ ਇਹ ਵੀ ਇਕ ਹਕੀਕਤ ਹੈ ਕਿ ਵਿਅਕਤੀ ਦਾ ਵਿਕਾਸ, ਸਮਾਜਕ ਵਿਕਾਸ ਬਗ਼ੈਰ ਸੰਪੂਰਣ ਨਹੀਂ। ਜੋਗਮਤ ਦੀ ਵੱਡੀ ਭੁਲ ਸਮਾਜਕ ਜੀਵਨ ਨੂੰ ਨਜ਼ਰਅੰਦਾਜ਼ ਕਰਨਾ ਸੀ। ਇਸੇ ਲਈ ਹਠਯੋਗ ਦੇ ਧਰਮ ਕਰਮ ਬਹੁਤ ਸਾਰਥਕ ਸਿੱਧ ਨਹੀਂ ਹੋਏ। ਇਹਨਾਂ ਗ਼ਲਤ ਜੀਵਨ-ਢੰਗਾਂ ਦਾ ਸਿੱਟਾ ਸੀ ਕਿ ਜੋਗੀ ਕਰਮਯੋਗ ਤੋਂ ਸੱਖਣੇ ਹੋ ਗਏ। ਉਹ ਆਪਣੇ ਰੋਟੀ ਕਪੜੇ ਲਈ ਵੀ ਦੂਜਿਆਂ ਦੇ ਮੁਥਾਜ ਸਨ। ਦੇਸ ਦਾ ਭਲਾ ਕਰਨਾ ਉਹਨਾਂ ਦੇ ਵਸ ਦੀ ਗੱਲ ਨਹੀਂ ਸੀ। ਗੁਰੂ ਨਾਨਕ ਸਾਹਿਬ ਦਾ ਇਤਰਾਜ਼ ਬਿਲਕੁਲ ਠੀਕ ਸੀ:

ਸਿਧ ਛਪਿ ਬੈਠੇ ਪਰਬਤੀ
ਕਉਣੁ ਜਗਤ ਕਉ ਪਾਰ ਉਤਾਰਾ।
ਜੋਗੀ ਗਿਆਨ ਵਿਹੂਣਿਆ
ਨਿਸ ਦਿਨ ਅਗਿ ਲਗਾਇਨ ਛਾਰਾ।
(ਵਾਰਾਂ ਭਾ. ਗੁਰਦਾਸ)

ਜਦੋਂ ਸਿੱਧਾਂ ਜੋਗੀਆਂ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹਨਾਂ ਗੁਰੂ ਸਾਹਿਬ ਉਤੇ ਕਈ ਕਿਸਮ ਦੇ ਸਵਾਲ ਕੀਤੇ, ਅਚਲ ਵਟਾਲੇ ਵਿਚ ਸ਼ਿਵਰਾਤਰੀ ਦੇ ਮੇਲੇ ਸਮੇਂ ਇਕ ਚੰਗੀ ਬਹਿਸ ਹੋਈ। ਗੱਲ ਇਥੋਂ ਛਿੜੀ ਕਿ ਜੋਗੀਆਂ ਨੇ ਪਹਿਲੇ ਕਰਾਮਾਤ ਨਾਲ ਰਾਸਧਾਰੀਆਂ ਦਾ ਲੋਟਾ ਲੁਕਾ ਲਿਆ ਤੇ ਉਹਨਾਂ ਦੀ ਲੋਕਾਂ ਵਿਚ ਬੜੀ ਬੇਪਤੀ ਹੋਈ। ਇਸ ਗੁੱਸੇ ਵਿਚ ਉਹਨਾਂ ਪੁੱਠੇ ਸਿਧੇ ਕਈ ਸਵਾਲ ਕੀਤੇ। ਗੁਰੂ ਸਾਹਿਬ ਨੇ ਉਹਨਾਂ ਸਵਾਲਾਂ ਦਾ ਜਵਾਬ ਦਿਤਾ। 'ਪੁਰਾਤਨ ਜਨਮ ਸਾਖੀ' ਵਿਚ ਗੁਰੂ ਨਾਨਕ ਸਾਹਿਬ ਦਾ ਸਿਧਾਂ ਨਾਲ ਸੁਮੇਰ ਪਰਬਤ, ਗੋਰਖ ਹਟੜੀ, ਸਿਧ ਮਤੇ ਤੇ ਅਚਲਵਟਾਲੇ ਚਾਰ ਥਾਈਂ ਮੇਲ ਮੁਲਾਕਾਤ ਕਰਨ ਦਾ ਜ਼ਿਕਰ ਹੈ। ਅਚਲ ਵਟਾਲੇ ਬਾਰੇ ਭਾਈ ਗੁਰਦਾਸ ਜੀ ਨੇ ਲਿਖਿਆ ਹੈ:

ਬਾਬੇ ਕੀਤੀ ਸਿਧ ਗੋਸਟਿ,
ਸਬਦ ਸਾਂਤੀ ਸਿਧਾਂ ਵਿਚ ਆਈ।
ਜਿਣਿ ਮੇਲਾ ਸ਼ਿਵਰਾਤ ਦਾ,
ਖਟ ਦਰਸ਼ਨ ਆਦੇਸ ਕਰਾਈ।

ਇਸੇ ਤਰ੍ਹਾਂ ਸੁਮੇਰ ਦੀ ਵਿਚਾਰ ਚਰਚਾ ਬਾਰੇ ਸੰਕੇਤ ਹੈ:

ਸਬਦਿ ਜਿਤੀ ਸਿਧ ਮੰਡਲੀ
ਕੀਤੋਸੁ ਅਪਣਾ ਪੰਥ ਨਿਰਾਲਾ।
ਕਲਿ ਜੁਗਿ ਨਾਨਕ ਨਾ ਸੁਖਾਲਾ।

ਇਹ ਸਿਧਾਂ ਨਾਲ ਹੋਈ ਬਹਿਸ ਸਮੇਂ ਹੋਏ ਸਵਾਲਾਂ ਜਵਾਬਾਂ ਨੂੰ ਹੀ ਗੁਰੂ ਜੀ ਨੇ 'ਸਿਧ ਗੋਸਟਿ ਰਚਨਾ ਵਿਚ ਕਲਮਬੰਦ ਕੀਤਾ ਹੈ ਇਤਿਹਾਸ ਤੋਂ ਪਰਗਟ ਹੈ ਕਿ ਅਚਲ ਵਟਾਲੇ ਦੀ ਬਹਿਸ ਆਖਰੀ ਸੀ ਜੋ ਗੁਰੂ ਜੀ ਨੇ ਉਦਾਸੀਆਂ ਮੁਕੰਮਲ ਕਰਨ ਪਿਛੋਂ ਕੀਤੀ ਸੀ ਅਤੇ ਆਪ ਕਰਤਾਰਪੁਰ ਤੋਂ ਵਟਾਲੇ ਗਏ ਸਨ। ਇਸ ਤੋਂ ਅਸੀਂ ਸਿਧ ਗੋਸਟਿ ਦਾ ਰਚਨਾਕਾਲ ੧੫੨੫-੩੦ ਦੇ ਦਰਮਿਆਨ ਮਿਥ ਸਕਦੇ ਹਾਂ ਅਰਥਾਤ ਗੁਰੂ ਸਾਹਿਬ ਦੇ ਜੋਤੀ ਜੋਤਿ ਸਮਾਉਣ ਤੋਂ ਅੱਠ ਦਸ ਸਾਲ ਪਹਿਲਾਂ। ਬਹਿਸ ਕਰਨ ਵਾਲੇ ਸਿਧ ਕਿੰਨੇ ਸਨ ਤੇ ਕਿਹੜੇ ਕਿਹੜੇ ਸਨ, ਇਸ ਦਾ ਪੂਰਾ ਵੇਰਵਾ ਨਹੀਂ ਮਿਲਦਾ। ਇਸ ਗੋਸ਼ਟਿ ਵਿਚ ਕੇਵਲ ਚਰਪਟ ਤੇ ਲੋਹਾਰੀਪਾ ਦੋ ਸਿੱਧਾਂ ਦੇ ਨਾਮ ਮਿਲਦੇ ਹਨ।

ਇਸ ਗੋਸ਼ਟਿ ਤੋਂ ਜਿਥੋਂ ਗੁਰੂ ਸਾਹਿਬ ਦੀ ਤਾਰਕਿਕ ਸ਼ਕਤੀ ਦਾ ਪਤਾ ਲਗਦਾ ਹੈ, ਉਥੇ ਇਹ ਵੀ ਮਾਲੂਮ ਹੁੰਦਾ ਹੈ ਕਿ ਉਹ ਆਪਣੀ ਵਿਚਾਰਧਾਰਾ ਵਿਚ ਕਿਤਨੇ ਸਪਸ਼ਟ ਸਨ ਤੇ ਕਿਸ ਤਰ੍ਹਾਂ ਵਿਰੋਧੀਆਂ ਵਲੋਂ ਉਠਾਏ ਸ਼ੰਕਿਆਂ ਦਾ ਸਹਿਜੇ ਨਿਵਾਰਣ ਕਰ ਸਕਦੇ ਸਨ। ਇਹ ਧਰਮ ਦੇ ਜਗਿਆਸੂ ਦੇ ਕੰਮ ਆਉਣ ਵਾਲੀ ਚੀਜ਼ ਸੀ, ਇਸ ਲਈ ਆਪ ਨੇ ਇਸ ਨੂੰ ਛੰਦਾਂ ਵਿਚ ਗੁੰਦ ਕੇ ਸਦਾ ਲਈ ਸੰਭਾਲ ਦਿਤਾ। 'ਸਿਧ ਗੋਸ਼ਟਿ' ਦੀ ਇਹ ਵਿਸ਼ੇਸ਼ ਖੂਬੀ ਹੈ ਕਿ ਜੋ ਉਤਰ ਦਿਤੇ ਗਏ ਹਨ ਬੜੇ ਢੁਕਵੇਂ ਤੇ ਤਸੱਲੀਬਖਸ਼ ਹਨ ਅਤੇ ਇਹ ਸਾਰੀ ਗੱਲ ਬੜੇ ਠਰੰਮੇ ਤੇ ਸੰਜਮ ਭਰਪੂਰ ਸ਼ੈਲੀ ਵਿਚ ਆਖੀ ਗਈ ਹੈ। ਇਸ ਬਹਿਸ ਦੀ ਪਹਿਲੀ ਸ਼ਰਤ ਹੀ ਇਹ ਹੈ 'ਰੋਸ ਨ ਕੀਜੈ ਉਤਰ ਦੀਜੈ।' ਫਿਰ ਗੁਰੂ ਸਾਹਿਬ ਇਹ ਚਰਚਾ ਕਿਸੇ ਝਗੜੇ ਲਈ ਨਹੀਂ ਮਨ ਕਰ ਰਹੇ, ਸਗੋਂ ਇਹ


www.AKJ.Org

ਆਤਮਕ ਖੋਜ ਲਈ ਸਾਰੀ ਗੱਲਬਾਤ ਸੀ।

ਨਾਮਿ ਰਤੇ 'ਸਿਧ ਗੋਸਟਿ' ਹੋਇ।
ਨਾਮਿ ਰਤੇ ਸਦਾ ਤਪੁ ਹੋਇ।
ਨਾਮਿ ਰਤੇ ਸਚੁ ਕਰਣੀ ਸਾਰੁ।
ਨਾਮਿ ਰਤੇ ਗੁਣ ਗਿਆਨ ਬਿਚਾਰੁ।

ਸਿਧਾਂ ਨੇ ਕੀ ਸਵਾਲ ਕੀਤੇ ਅਤੇ ਗੁਰੂ ਸਾਹਿਬ ਨੇ ਕੀ ਜਵਾਬ ਦਿਤੇ ਇਸ ਪ੍ਰਸ਼ਨੋਤਰੀ ਨੂੰ ਸਮਝਣ ਲਈ ਇਨ੍ਹਾਂ ਸਵਾਲਾਂ ਜਵਾਬਾਂ ਨੂੰ ਆਹਮੋ ਸਾਹਮਣੇ ਰੱਖ ਕੇ ਵਿਚਾਰਨਾ ਵਧੇਰੇ ਹਿਤਕਾਰੀ ਹੈ। ਇਸ ਲਈ ਇਹ ੨੦ ਦੇ ਲਗਭਗ ਸਵਾਲ ਜਵਾਬ ਅਸਲ ਰੂਪ ਵਿਚ ਦਰਜ ਕੀਤੇ ਜਾਂਦੇ ਹਨ :

ਸਵਾਲ– ਕਵਨ ਤੁਮੇ ਕਿਆ ਨਾਮ ਤੁਮਾਰਾ
ਕਉਨ ਮਾਰਗ ਕਉਨ ਸੁਆਉ

ਜਵਾਬ– ਘਟਿ ਘਟਿ ਬੈਸਿ ਨਿਰੰਤਰ ਰਹੀਐ
ਚਲਹਿ ਸਤਿਗੁਰ ਭਾਏ

ਸਵਾਲ– ਕਹ ਬੈਸਹੁ ਕਹ ਰਹੀਐ ਬਾਲੇ!
ਕਹਾ ਆਵਹੁ ਕਹ ਜਾਹੋ ?
ਨਾਨਕ ਬੋਲੈ ਸੁਣਿ ਬੈਰਾਗੀ
ਕਿਆ ਤੁਮਾਰਾ ਰਾਹੋ।

ਜਵਾਬ– ਸਹਜੇ ਆਏ ਹੁਕਮ ਸਧਾਏ
ਨਾਨਕ ਸਦਾ ਰਜਾਏ।

ਸਵਾਲ– ਦੁਨੀਆ ਸਾਗਰ ਦੁਤਰੁ ਕਹੀਐ
ਕਿਉ ਕਰਿ ਪਾਈਐ ਪਾਰੋ।
ਚਰਪਟ ਬੋਲੈ ਅਉਧੂ ਨਾਨਕ
ਦੇਹੁ ਸਚਾ ਬੀਚਾਰੋ।

ਜਵਾਬ– ਜੈਸੇ ਜਲ ਮਹਿ ਕਮਲ ਨਿਰਾਲਮੁ
ਮੁਰਗਾਈ ਨੈਸਾਣੇ।
ਸੁਰਤਿ ਸਬਦ ਭਵ ਸਾਗਰੁ ਤਰੀਐ
ਨਾਨਕ ਨਾਮੁ ਵਖਾਣੇ।

ਸਵਾਲ– ਸੁਣਿ ਸੁਆਮੀ ਅਰਦਾਸਿ ਹਮਾਰੀ
ਪੂਛਉ ਸਾਚੁ ਬੀਚਾਰੋ।
ਰੋਸੁ ਨ ਕੀਜੈ ਉਤਰੁ ਦੀਜੈ
ਕਿਉ ਪਾਈਐ ਗੁਰਦੁਆਰੋ।

ਜਵਾਬ– ਇਹੁ ਮਨੁ ਚਲਤਉ ਸਚ ਘਰਿ ਬੈਸੈ
ਨਾਨਕ ਨਾਮੁ ਅਧਾਰੋ।
ਆਪੇ ਮੇਲਿ ਮਿਲਾਏ ਕਰਤਾ
ਲਾਗੈ ਸਾਚਿ ਪਿਆਰੋ।

ਸਵਾਲ– ਹਾਟੀ ਬਾਟੀ ਰਹਹਿ ਨਿਰਾਲੇ
ਰੂਖਿ ਬਿਰਖਿ ਉਦਿਆਨੇ।
ਕੰਦ ਮੂਲੁ ਅਹਾਰੋ ਖਾਈਐ
ਅਉਧੂ ਬੋਲੈ ਗਿਆਨੇ।
ਦਰਸਨੁ ਭੇਖ ਕਰਹੁ ਜੋਗਿੰਦ੍ਰਾ
ਮੁੰਦ੍ਰਾ ਝੋਲੀ ਖਿੰਥਾ
ਬਾਰਹ ਅੰਤਰਿ ਏਕੁ ਸਰੇਵਹੁ
ਖਟੁ ਦਰਸਨ ਇਕ ਪੰਥਾ।

ਜਵਾਬ– ਹਾਟੁ ਪਟਣੁ ਘਰੁ ਗੁਰੂ ਦਿਖਾਇਆ
ਸਹਜੇ ਸਚੁ ਵਾਪਾਰੋ।
ਖੰਡਿਤ ਨਿਦ੍ਰਾ ਅਲਪ ਅਹਾਰੰ
ਨਾਨਕ ਤਤੁ ਬੀਚਾਰੋ।
ਅੰਤਰਿ ਸਬਦੁ ਨਿਰੰਤਰਿ ਮੁਦ੍ਰਾ
ਹਉਮੈ ਮਮਤਾ ਦੂਰਿ ਕਰੀ।
ਕਾਮੁ ਕ੍ਰੋਧੁ ਅਹੰਕਾਰੁ ਨਿਵਾਰੈ
ਗੁਰ ਕੈ ਸਬਦਿ ਸੁ ਸਮਝ ਪਰੀ।
ਖਿੰਥਾ ਝੋਲੀ ਭਰਿਪੁਰਿ ਰਹਿਆ
ਨਾਨਕ ਤਾਰੈ ਏਕੁ ਹਰੀ।

ਸਵਾਲ– ਕਵਨ ਸੁ ਗੁਪਤਾ।
ਜਵਾਬ– ਘਟਿ ਘਟਿ ਗੁਪਤਾ।
ਸਵਾਲ– ਕਵਨ ਸੁ ਮੁਕਤਾ।
ਜਵਾਬ– ਗੁਰਮੁਖਿ ਮੁਕਤਾ।
ਸਵਾਲ– ਕਵਨ ਸੁ ਅੰਤਰਿ ਬਾਹਰਿ ਜੁਗਤਾ।
ਜਵਾਬ– ਅੰਤਰਿ ਬਾਹਰਿ ਸਬਦਿ ਸੁ ਜੁਗਤਾ।
ਸਵਾਲ– ਕਵਨੁ ਸੁ ਆਵੈ ਕਵਨੁ ਸੁ ਜਾਇ।
ਜਵਾਬ– ਮਨਮੁਖਿ ਬਿਨਸੈ ਆਵੈ ਜਾਇ।
ਸਵਾਲ– ਕਵਨੁ ਸੁ ਤ੍ਰਿਭਵਣ ਰਹਿਆ ਸਮਾਇ।
ਜਵਾਬ– ਨਾਨਕ ਗੁਰਮੁਖਿ ਸਾਚਿ ਸਮਾਇ।
ਸਵਾਲ– ਕਿਉਕਰਿ ਬਾਧਾ ਸਰਪਨਿ ਖਾਧਾ
ਜਵਾਬ– ਦੁਰਮਤਿ ਬਾਧਾ ਸਰਪਨਿ ਖਾਧਾ।


www.AKJ.Org

ਸਵਾਲ– ਕਿਉ ਕਰਿ ਖੋਇਆ ਕਿਉ ਕਰਿ ਲਾਧਾ ।
ਜਵਾਬ– ਮਨਮੁਖਿ ਖੋਇਆ ਗੁਰਮੁਖਿ ਲਾਧਾ ।
ਸਵਾਲ– ਕਿਉ ਕਰਿ ਨਿਰਮਲ
ਕਿਉ ਕਰਿ ਅੰਧਿਆਰਾ।
ਇਹੁ ਤਤੁ ਬੀਚਾਰੈ ਸੋ ਗੁਰੂ ਹਮਾਰਾ।
ਜਵਾਬ– ਸਤਿਗੁਰ ਮਿਲੈ ਅੰਧੇਰਾ ਜਾਇ।
ਨਾਨਕ ਹਉਮੈ ਮੇਟਿ ਸਮਾਇ।
ਸਵਾਲ– ਕਿਸੁ ਕਾਰਣਿ ਗ੍ਰਿਹੁ ਤਜਿਓ ਉਦਾਸੀ।
ਜਵਾਬ– ਗੁਰਮੁਖਿ ਖੋਜਤ ਭਏ ਉਦਾਸੀ।
ਸਵਾਲ– ਕਿਸੁ ਕਾਰਨਿ ਇਹੁ ਭੇਖੁ ਨਿਵਾਸੀ।
ਜਵਾਬ– ਦਰਸਨ ਕੈ ਤਾਈ ਭੇਖ ਨਿਵਾਸੀ।
ਸਵਾਲ– ਕਿਸੁ ਵਖਰ ਕੇ ਤੁਮ ਵਣਜਾਰੇ।
ਜਵਾਬ– ਸਾਚ ਵਖਰ ਕੇ ਹਮ ਵਣਜਾਰੇ।
ਸਵਾਲ– ਕਿਉ ਕਰਿ ਸਾਥੁ ਲੰਘਾਵਹੁ ਪਾਰੇ ।
ਜਵਾਬ– ਨਾਨਕ ਗੁਰਮੁਖਿ ਉਤਰਸਿ ਪਾਰੇ ।
ਸਵਾਲ– ਕਿਤੁ ਬਿਧਿ ਪੁਰਖਾ ਜਨਮੁ ਵਟਾਇਆ ।
ਜਵਾਬ– ਸਤਿਗੁਰ ਕੈ ਜਨਮੇ ਗਵਨ ਮਿਟਾਇਆ ।
ਸਵਾਲ– ਕਾਹੇ ਕਉ ਤੁਝ ਇਹੁ ਮਨੁ ਲਾਇਆ।
ਜਵਾਬ– ਅਨਹਤ ਰਾਤੇ ਇਹੁ ਮਨ ਲਾਇਆ।
ਸਵਾਲ– ਕਿਤੁ ਬਿਧਿ ਆਸਾ ਮਨਸਾ ਖਾਈ।
ਜਵਾਬ– ਮਨਸਾ ਆਸਾ ਸਬਦਿ ਜਲਾਈ।
ਸਵਾਲ– ਕਿਤੁ ਬਿਧਿ ਜੋਤਿ ਨਿਰੰਤਰਿ ਪਾਈ।
ਜਵਾਬ– ਗੁਰਮੁਖਿ ਜੋਤਿ ਨਿਰੰਤਰਿ ਪਾਈ।
ਸਵਾਲ– ਬਿਨ ਦੰਤਾ ਕਿਉ ਖਾਈਐ ਸਾਰੁ।
ਜਵਾਬ– ਤ੍ਰੈ ਗੁਣ ਮੇਟੇ ਖਾਈਐ ਸਾਰੁ।
ਸਵਾਲ– ਆਦਿ ਕਉ ਕਵਨੁ ਬੀਚਾਰੁ ਕਥੀਅਲੇ ।
ਜਵਾਬ– ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ
ਸਵਾਲ– ਸੁੰਨ ਕਹਾ ਘਰ ਵਾਸੋ ।
ਜਵਾਬ– ਸੁੰਨ ਨਿਰੰਤਰਿ ਵਾਸੁ ਲੀਆ।
ਸਵਾਲ– ਗਿਆਨ ਚੀ ਮੁਦ੍ਰਾ ਕਵਨ ਕਥੀਅਲੇ –
ਜਵਾਬ– ਅਕਲਪਤ ਮੁਦ੍ਰਾ ਗੁਰ ਗਿਆਨ ਬੀਚਾਰਅਲੇ
ਸਵਾਲ– ਘਟਿ ਘਟਿ ਕਵਨ ਨਿਵਾਸੋ ।
ਜਵਾਬ– ਘਟਿ ਘਟਿ ਸਾਚਾ ਸਰਬ ਜੀਆ ।
ਸਵਾਲ– ਕਾਲ ਕਾ ਠੀਗਾ ਕਿਉ ਜਲਾਈਐ।
ਜਵਾਬ– ਸਬਦਿ ਭੇਦ ਜਾਣੈ ਜਣਾਈ।
ਨਾਨਕ ਹਉਮੈ ਜਾਲਿ ਸਮਾਈ।
ਸਵਾਲ– ਕਿਉ ਨਿਰਭਉ ਘਰਿ ਜਾਈਐ।
ਜਵਾਬ– ਗੁਰ ਕੈ ਸਬਦਿ ਹਉਮੈ ਬਿਖੁ ਮਾਰੈ।
ਤਾ ਨਿਜ ਘਰਿ ਹੋਵੈ ਵਾਸੋ।
ਸਵਾਲ– ਸਹਜ ਸੰਤੋਖ ਕਾ ਆਸਣੁ ਜਾਣੈ।
ਕਿਉ ਛੇਦੇ ਬੈਰਾਈਐ।
ਜਵਾਬ– ਗੁਰ ਕੈ ਸਬਦਿ ਰਪੈ ਰੰਗ ਲਾਇ।
ਸਾਚਿ ਰਤਉ ਪਤਿ ਸਿਉ ਘਰਿ ਜਾਇ।
ਸਵਾਲ– ਕਹਾ ਤੇ ਆਵੈ ਕਹਾ ਇਹਜਾਵੈ ।
ਜਵਾਬ– ਹੁਕਮੇ ਆਵੈ ਹੁਕਮੇ ਜਾਵੈ ।
ਸਵਾਲ– ਕਹਾ ਇਹੁ ਰਹੈ ਸਮਾਈ।
ਏਸ ਸਬਦੁ ਕਉ ਜੋ ਅਰਥਾਵੈ ।
ਤਿਸੁ ਗੁਰ ਤਿਲੁ ਨ ਤਮਾਈ।
ਜਵਾਬ– ਹੁਕਮੇ ਰਹੈ ਸਮਾਈ।
ਸਵਾਲ– ਕਿਉ ਤਤੈ ਅਵਿਗਤੈ ਪਾਵੈ ।
ਗੁਰਮੁਖਿ ਲਗੈ ਪਿਆਰੋ।
ਜਵਾਬ– ਪੂਰੇ ਗੁਰ ਤੇ ਸਾਚੁ ਕਮਾਵੈ ।
ਗਤਿ ਮਿਤਿ ਸਬਦੇ ਪਾਈ।
ਸਵਾਲ—ਕਵਣ ਮੂਲ, ਕਵਣ ਮਤਿ ਵੇਲਾ।
ਜਵਾਬ—ਪਵਨ ਅਰੰਭ, ਸਤਿਗੁਰ ਮਤਿ ਵੇਲਾ।
ਸਵਾਲ– ਤੇਰਾ ਕਵਣ ਗੁਰੂ ਜਿਸ ਕਾ ਤੂ ਚੇਲਾ ।
ਜਵਾਬ– ਸਬਦੁ ਗੁਰੂ ਸੁਰਤਿ ਧੁਨਿ ਚੇਲਾ।
ਸਵਾਲ– ਕਵਨ ਕਥਾ ਲੈ ਰਹਹੁ ਨਿਰਾਲੇ।
ਬੋਲੈ ਨਾਨਕੁ ਸੁਣਹੁ ਤੁਮ ਬਾਲੇ।
ਜਵਾਬ—ਅਕਥ ਕਥ ਲੇ ਰਹਹੁ ਨਿਰਾਲਾ।
ਨਾਨਕ ਜੁਗਿ ਜੁਗਿ ਗੁਰਗੋਪਾਲਾ।
ਸਵਾਲ—ਮੈਣ ਕੇ ਦੰਤ ਕਿਉ ਖਾਈਐ ਸਾਰੁ।
ਜਵਾਬ—ਜਗੁ ਕਰੜਾ ਮਨਮੁਖੁ ਗਾਵਾਰੁ।
ਸਬਦੁ ਕਮਾਈਐ ਖਾਈਐ ਸਾਰੁ।
ਸਵਾਲ—ਜਿਤੁ ਗਰਬੁ ਜਾਇ ਸੁ ਕਵਣੁ ਆਹਾਰੁ।
ਜਵਾਬ—ਸਚ ਭੈ ਰਾਤਾ ਗਰਬੁ ਨਿਵਾਰੇ।
ਏਕੋ ਜਾਤਾ ਸਬਦੁ ਵੀਚਾਰੇ।

ਸਵਾਲ—ਹਿਵੈ ਕਾ ਘਰੁ ਮੰਦਰੁ ਅਗਨਿ ਪਿਰਾਹਨ
ਕਵਨ ਗੁਫਾ ਜਿਤੁ ਰਹੈ ਅਵਾਹਨੁ ।
ਜਵਾਬ—ਅੰਤਰਿ ਬਾਹਰਿ ਏਕੋ ਜਾਣੈ ।
ਨਾਨਕ ਅਗਨਿ ਮਰੈ ਸਤਿਗੁਰ ਕੈ ਭਾਣੈ ।
ਸਵਾਲ— ਇਤ ਉਤ ਕਿਸ ਕਉ ਜਾਣਿ ਸਮਾਵੈ ।
ਜਵਾਬ— ਸਬਦੁ ਵਸੈ ਸਚੁ ਅੰਤਰਿ ਹੀਆ
ਤਨੁ ਮਨੁ ਸੀਤਲੁ ਰੰਗਿ ਰੰਗੀਆ ।
ਸਵਾਲ— ਕਵਨ ਧਿਆਨ ਮਨ ਮਨਹਿ ਸਮਾਵੈ ।
ਜਵਾਬ— ਕਾਮੁ ਕ੍ਰੋਧੁ ਬਿਖੁ ਅਗਨਿ ਨਿਵਾਰੇ ।
ਨਾਨਕ ਨਦਰੀ ਨਦਰਿ ਪਿਆਰੇ ।
ਸਵਾਲ— ਕਵਨ ਮੁਖਿ ਚੰਦੁ ਹਿਵੈ ਘਰ ਛਾਇਆ ।
ਜਵਾਬ— ਸਬਦੁ ਭਾਖਤ ਸਸਿ ਜੋਤਿ ਅਪਾਰਾ ।
ਸਵਾਲ— ਕਵਨ ਮੁਖਿ ਸੂਰਜੁ ਤਪੈ ਤਪਾਇਆ ।
ਜਵਾਬ— ਸਸਿ ਘਰਿ ਸੂਰੁ ਵਸੈ ਮਿਟੈ ਅੰਧਿਆਰਾ ।
ਸਵਾਲ— ਕਵਨ ਮੁਖ ਕਾਲ ਜੋਹਤ ਨਿਤ ਰਹੈ ।
ਜਵਾਬ— ਸੁਖੁ ਦੁਖੁ ਸਮ ਕਰਿ ਨਾਮ ਅਧਾਰਾ ।
ਆਪੇ ਪਾਰਿ ਉਤਾਰਣਹਾਰਾ ।

ਸਵਾਲ— ਕਵਨ ਬੁਧਿ ਗੁਰਮੁਖਿ ਪਤਿ ਰਹੈ ।
ਜਵਾਬ— ਗੁਰ ਪਰਚੈ ਮਨ ਸਾਚਿ ਸਮਾਇ ।
ਸਵਾਲ— ਕਵਨੁ ਜੋਧੁ ਜੋ ਕਾਲੁ ਸੰਘਾਰੈ ।
ਜਵਾਬ— ਪ੍ਰਣਵਤਿ ਨਾਨਕੁ ਕਾਲੁ ਨ ਖਾਇ ।
ਸਵਾਲ— ਸੁੰਨੋ ਸੁੰਨ ਕਹੈ ਸਭੁ ਕੋਈ ।
ਅਨਹਦ ਸੁੰਨ ਕਹਾ ਤੇ ਹੋਈ ।
ਜਵਾਬ— ਨਉ ਸਰ ਸੁਭਰ ਦਸਵੈ ਪੂਰੇ ।
ਤਹ ਅਨਹਦ ਸੁੰਨ ਵਜਾਵਹਿ ਤੂਰੇ ।
ਸਾਚੈ ਰਾਚੇ ਦੇਖਿ ਹਜੂਰੇ ।
ਘਟਿ ਘਟਿ ਸਾਚੁ ਰਹਿਆ ਭਰਪੂਰੇ ।
ਗੁਪਤੀ ਬਾਣੀ ਪਰਗਟੁ ਹੋਇ ।
ਨਾਨਕ ਪਰਖਿ ਲਏ ਸਚੁ ਸੋਇ ।

ਸਵਾਲ— ਅਨਹਦ ਸੁੰਨ ਰਤੇ ਸੇ ਕੈਸੇ ।
ਜਵਾਬ— ਜਿਸ ਤੇ ਉਪਜੇ ਤਿਸ ਹੀ ਜੈਸੇ ।
ਓਇ ਜਨਮ ਨ ਮਰਹਿ ਨ ਆਵਹਿ ਜਾਹਿ ।
ਨਾਨਕ ਗੁਰਮੁਖਿ ਮਨੁ ਸਮਝਾਇ ।
ਸਵਾਲ— ਕੁਬੁਧਿ ਚਵਾਵੈ ਸੋ ਕਿਤੁ ਠਾਇ ।
ਜਵਾਬ— ਕੁਬੁਧਿ ਮਿਟੈ ਗੁਰ ਸਬਦੁ ਬੀਚਾਰਿ ।
ਸਤਿਗੁਰ ਭੇਟੈ ਮੋਖ ਦੁਆਰ ।
ਸਵਾਲ— ਕਿਉ ਤਤੁ ਨ ਬੂਝੈ ਚੋਟਾ ਖਾਇ ।
ਜਵਾਬ— ਤਤੁ ਨ ਚੀਨੈ ਮਨਮੁਖਿ ਜਲਿ ਜਾਇ ।
ਦੁਰਮਤਿ ਬਿਛੁੜਿ ਚੋਟਾ ਖਾਇ ।
ਸਵਾਲ— ਕਿਉਕਰਿ ਬੂਝੈ ਪਾਵੈ ਪਾਰੁ ।
ਜਵਾਬ— ਸਾਚੁ ਵਖਰੁ ਧਨੁ ਪਲੈ ਹੋਇ ।
ਆਪਿ ਤਰੈ ਤਾਰੇ ਭੀ ਸੋਇ ।
ਸਵਾਲ— ਸੁ ਸਬਦ ਕਾ ਕਹਾ ਵਾਸੁ ਕਥੀਅਲੇ ।
ਜਿਤੁ ਤਰੀਐ ਭਵਜਲੁ ਸੰਸਾਰੋ ।
ਜਵਾਬ— ਸੁ ਸਬਦੁ ਕਉ ਨਿਰੰਤਰਿ ਵਾਸੁ ਅਲਖੰ
ਜਹ ਦੇਖਾ ਤਹ ਸੋਈ ।
ਸਵਾਲ— ਤ੍ਰੈ ਸਤ ਅੰਗਲਵਾਈ ਕਹੀਐ ।
ਤਿਸੁ ਕਹੁ ਕਵਨੁ ਅਧਾਰੋ ।
ਜਵਾਬ— ਪਵਨ ਕਾ ਵਾਸ ਸੁੰਨ ਨਿਵਾਸਾ ।
ਅਕਲ ਕਲਾ ਧਰ ਸੋਈ ।
ਤ੍ਰੈ ਸਤ ਅੰਗੁਲ ਵਾਈ ਅਉਧੂ ।
ਸੁੰਨ ਸਚੁ ਆਹਾਰੋ ।
ਗੁਰਮੁਖਿ ਬੋਲੈ ਤਤੁ ਬਿਰੋਲੈ
ਚੀਨੈ ਅਲਖ ਅਪਾਰੋ ।
ਸਵਾਲ— ਬੋਲੈ ਖੋਲੈ ਅਸਥਿਰੁ ਹੋਵੈ
ਕਿਉ ਕਰਿ ਅਲਖੁ ਲਖਾਏ ।
ਜਵਾਬ— ਨਦਰਿ ਕਰੇ ਸਬਦੁ ਘਟ ਮਹਿ ਵਸੈ
ਵਿਚਹੁ ਭਰਮੁ ਗਵਾਏ ।
ਤਨੁ ਮਨੁ ਨਿਰਮਲੁ ਨਿਰਮਲ ਬਾਣੀ
ਨਾਮੁ ਮੰਨਿ ਵਸਾਏ ।
ਸਵਾਲ— ਮਨ ਕਾ ਜੀਉ ਪਵਨੁ ਕਥੀਅਲੇ
ਪਵਨੁ ਕਹਾ ਰਸੁ ਖਾਈ ।
ਜਵਾਬ— ਬਿਨ ਸਬਦੈ ਰਸੁ ਨ ਆਵੈ ਅਉਧੂ
ਹਉਮੈ ਪਿਆਸ ਨ ਜਾਈ ।
ਸਵਾਲ— ਗਿਆਨ ਕੀ ਮੁਦ੍ਰਾ ਕਵਨ ਅਉਧੂ ।
ਜਵਾਬ— ਸਬਦਿ ਰਤੇ ਅੰਮ੍ਰਿਤ ਰਸੁ ਪਾਇਆ ।
ਸਵਾਲ— ਸਿਧ ਕੀ ਕਵਨ ਕਮਾਈ ।
ਜਵਾਬ— ਸਾਚੇ ਰਹੇ ਅਘਾਈ ।

ਾਲ— ਕਵਨ ਬੁਧਿ ਜਿਤੁ ਅਸਥਿਰੁ ਰਹੀਐ ।
ਾਬ— ਅਕਥ ਕਥਾ ਲੇ ਸਮ ਕਰਿ ਰਹੈ ।
ਤਉ ਨਾਨਕ ਆਤਮ ਰਾਮ ਕਉ ਲਹੈ ।
ਾਲ— ਕਿਤੁ ਭੋਜਨਿ ਤ੍ਰਿਪਤਾਸੈ ।
ਾਬ— ਖਾਵੈ ਦੂਖ ਭੂਖ ਸਾਚੇ ਕੀ
ਸਾਚੇ ਹੀ ਤ੍ਰਿਪਤਾਸਿ ਰਹੈ ।
ਾਲ— ਇਹ ਮਨੁ ਮੈਗਲੁ ਕਹਾ ਬਸੀਅਲੇ ।
ਾਬ— ਇਹ ਮਨ ਨਿਹਚਲ ਹਿਰਦੈ ਵਸੀਅਲੇ
ਗੁਰਮੁਖਿ ਮੂਲੁ ਪਛਾਨਿ ਰਹੈ ।
ਾਲ— ਕਹਾ ਬਸੈ ਇਹ ਪਵਨਾ ।
ਾਬ— ਨਾਭਿ ਪਵਨ ਘਰਿ ਆਸਨਿ ਬੈਸੈ
ਗੁਰਮੁਖਿ ਖੋਜਤ ਤਤੁ ਲਹੈ ।
ਾਲ— ਕਹਾ ਬਸੈ ਸੁ ਸਬਦੁ ਅਉਧੂ ।
ਾਬ— ਸੁ ਸਬਦੁ ਨਿਰੰਤਰਿ ਨਿਜ ਘਰਿ ਆਛੈ
ਤ੍ਰਿਭਵਣ ਜੋਤੀ ਸੁ ਸਬਦਿ ਲਹੈ ।
ਾਲ— ਤਾ ਕਉ ਚੂਕੈ ਮਨ ਕਾ ਭਵਨਾ ।
ਾਬ-- ਨਦਰਿ ਕਰੇ ਤ ਸਤਿਗੁਰ ਮੇਲੇ
ਤਾ ਨਿਜ ਘਰਿ ਵਾਸਾ ਇਹੁ ਮਨੁ ਪਾਏ ।
ਆਪੈ ਆਪੁ ਖਾਇ ਤਾ ਨਿਰਮਲੁ ਹੋਵੈ
ਧਾਵਤੁ ਵਰਜਿ ਰਹਾਏ ।
ਾਲ-- ਕਿਉ ਮੂਲ ਪਛਾਣੈ ਆਤਮੁ ਜਾਣੈ ।
ਕਿਉ ਸਸਿ ਘਰਿ ਸੂਰੁ ਸਮਾਵੈ ।
ਾਬ-- ਗੁਰਮੁਖਿ ਹਉਮੈ ਵਿਚਹੁ ਖੋਵੈ
ਤਉ ਨਾਨਕ ਸਹਜਿ ਸਮਾਵੈ ।
ਾਲ-- ਜਾ ਇਹੁ ਹਿਰਦਾ ਦੇਹ ਨ ਹੋਤੀ
ਤਉ ਮਨੁ ਕੈਠੈ ਰਹਤਾ ।
ਾਬ— ਹਿਰਦਾ ਦੇਹ ਨ ਹੋਤੀ ਅਉਧੂ
ਤਉ ਮਨੁ ਸੁੰਨਿ ਰਹੈ ਬੈਰਾਗੀ ।
ਾਲ-- ਨਾਭਿ ਕਮਲ ਅਸਥੰਭੁ ਨ ਹੋਤੇ
ਤਾ ਪਵਨੁ ਕਵਨ ਘਰਿ ਸਹਤਾ ।
ਾਬ-- ਨਾਭਿ ਕਮਲੁ ਅਸਥੰਭੁ ਨ ਹੋਤੇ
ਤਾ ਨਿਜ ਘਰਿ ਬਸਤਉ ਪਵਨੁ ਅਨਰਾਗੀ ।
ਾਲ-- ਰੂਪੁ ਨ ਹੋਤੇ ਰੇਖ ਨ ਕਾਈ ।
ਤਾ ਸਬਦਿ ਕਹਾ ਲਿਵਲਾਈ ।
ਰਕਤ ਬਿੰਦ ਕੀ ਮੜੀ ਨ ਹੋਤੀ
ਮਿਤਿ ਕੀਮਤਿ ਨਹੀ ਪਾਈ ।
ਜਵਾਬ-- ਰੂਪ ਨ ਰੇਖਿਆ ਜਾਤਿ ਨ ਹੋਤਿ
ਤਉ ਅਕੁਲੀਣਿ ਰਹਤਉ ਸਬਦੁ ਸੁ ਸਾਰੁ ।
ਗਉਨ ਗਗਨੁ ਜਬ ਤਬਹਿ ਨ ਹੋਤਉ
ਤ੍ਰਿਭਵਣ ਜੋਤਿ ਆਪੇ ਨਿਰੰਕਾਰੁ ।
ਸਵਾਲ-- ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ ।
ਜਵਾਬ-- ਹਉਮੈ ਵਿਚਿ ਜਗ ਉਪਜੈ ਪੁਰਖਾ ।
ਸਵਾਲ— ਕਿਤੁ ਕਿਤੁ ਦੁਖਿ ਬਿਨਸਿ ਜਾਈ ।
ਜਵਾਬ— ਨਾਮਿ ਬਿਸਰਿਐ ਦੁਖੁ ਪਾਈ ।
ਗੁਰਮੁਖਿ ਹੋਵੈ ਸੁ ਗਿਆਨ ਤਤੁ ਬੀਚਾਰੈ ।
ਹਉਮੈ ਸਬਦਿ ਜਲਾਏ ਤਨ ਮਨੁ ਨਿਰਮਲੁ
ਨਿਰਮਲ ਬਾਣੀ ਸਾਚੇ ਰਹੈ ਸਮਾਏ ।

ਇਨ੍ਹਾਂ ਸਵਾਲਾਂ ਵਿਚ ਕਈ ਅਜੇਹੇ ਹਨ ਜੋ ਸਦੀਆਂ ਤੋਂ ਮਨੁਖ ਦੀ ਉਤਕੰਠਾ ਨੂੰ ਜਗਾਈ ਆ ਰਹੇ ਹਨ ਤੇ ਇਨ੍ਹਾਂ ਦੇ ਜਵਾਬ ਵੀ ਬੜੇ ਹੀ ਮਹੱਤ੍ਵ ਪੂਰਣ ਤੇ ਦਿਲਚਸਪੀ ਵਾਲੇ ਹਨ । ਜਿਵੇਂ ਕਿ ਸਿਧਾਂ ਪੁਛਿਆ, 'ਸ੍ਰਿਸ਼ਟੀ ਰਚਨਾ ਤੋਂ ਪਹਿਲੀ ਅਵਸਥਾ ਕੈਸੀ ਸੀ, ਜਵਾਬ ਹੈ, 'ਵਿਸਮਾਦਮਈ । ਸ੍ਰਿਸ਼ਟੀ ਰਚਨਾ ਹੁੰਦੀ ਕਿਵੇਂ ਹੈ, ਜਵਾਬ ਹੈ, 'ਹਉਮੈ ਵਿਚ । ਜੀਵ ਬੰਧਨਾਂ ਵਿਚ ਕਿਵੇਂ ਪੈ ਗਿਆ, ਮਾਇਆ ਦੇ ਪ੍ਰਭਾਵ ਕਾਰਣ, ਦੁਰਮਤਿ ਬੰਨ੍ਹ ਲਿਆ । ਛੁਟਕਾਰਾ ਕਿਵੇਂ ਹੋ ਸਕਦਾ ਹੈ, ਸ਼ਬਦ (ਨਾਮ) ਰਾਹੀਂ । ਇਹ ਸ਼ਬਦ ਰਹਿੰਦਾ ਕਿਵੇਂ ਹੈ, ਇਹ ਸਭ ਥਾਂ ਨਿਰੰਤਰ ਵਸਦਾ ਹੈ ।

ਫਿਰ ਪਤਾ ਕਿਵੇਂ ਲਗੇ, ਜਵਾਬ ਹੈ, ਸਤਿਗੁਰੂ ਰਾਹੀਂ ਇਹ ਭੇਦ ਖੁਲ੍ਹਦਾ ਹੈ ।

ਰੱਬੀ ਬੰਦਿਆਂ ਦੀ ਪਛਾਣ ਕੀ ਹੈ, ਜਵਾਬ ਹੈ ਕਿ ਉਹ ਰੱਬ ਵਰਗੇ ਦੈਵੀ ਗੁਣ ਧਾਰਨ ਕਰਨ ਵਾਲੇ ਹੁੰਦੇ ਹਨ :

ਅਨਹਤ ਸੁੰਨ ਰਤੇ ਸੇ ਕੈਸੇ ?
ਜਿਸਤੇ ਉਪਜੇ ਤਿਸਹੀ ਜੈਸੇ ।

ਪਾਠਕਾਂ ਦੇਖ ਲਿਆ ਹੈ ਕਿ ਗੁਰੂ ਸਾਹਿਬ ਕੋਈ ਗੱਲ ਛੁਪਾ ਕੇ ਨਹੀਂ ਰਖਦੇ ਤੇ ਨਾ ਹੀ ਕੋਈ

www.AKJ.Org

ਗੱਲ ਧੁੰਦਲੀ ਰਹਿਣ ਦਿੰਦੇ ਹਨ। ਆਮ ਤੌਰ ਤੇ ਅਧਿਆਤਮਕ ਗੱਲਾਂ, ਗੁੰਝਲਦਾਰ ਕਹੀਆਂ ਜਾਂਦੀਆਂ ਹਨ ਤੇ ਇਸੇ ਉਹਲੇ ਧੁੰਦ ਦਾ ਪਰਦਾ ਲੈ ਕੇ ਚਾਲਾਕ ਦੰਭੀ ਗੁਰੂ 'ਅਨਹਦ ਵਾਜੇ' ਤੇ 'ਦਸਮ-ਦੁਆਰ' ਵਰਗੀਆਂ ਸਮਸਿਆਵਾਂ ਵਿਚ ਜਗੀਆਸੂਆਂ ਨੂੰ ਉਲਝਾਈ ਰਖਦੇ ਹਨ ਪਰੰਤੂ ਗੁਰੂ ਜੀ ਨੇ ਕੋਈ ਗੱਲ ਇਉਂ ਨਹੀਂ ਕੀਤੀ । ਬੜੇ ਹੀ ਸਪਸ਼ਟ ਤੇ ਸਿਧੇ ਸਾਦੇ ਲਫਜ਼ਾਂ ਵਿਚ ਹਰ ਮਸਲਾ ਖੋਲ੍ਹ ਦਿਤਾ ਹੈ।

ਸਾਰੀ ਗੋਸ਼ਟਿ ਤੋਂ ਸਿਧਾਂਤਕ ਤੌਰ ਤੇ ਇਹ ਗੱਲਾਂ ਨਿਖਰ ਕੇ ਸਾਮ੍ਹਣੇ ਆਉਂਦੀਆਂ ਹਨ। ਗੁਰੂ ਨਾਨਕ ਸਾਹਿਬ ਈਸ਼ਵਰਵਾਦੀ ਸਨ ਤੇ ਸਿੱਧ ਸੁਨਵਾਦੀ ਯਾ ਅਨੀਸ਼ਵਰਵਾਦੀ। ਗੁਰੂ ਪ੍ਰੇਮਾਭਗਤੀ ਯਾ ਨਾਮ ਸਿਮਰਨ ਦਾ ਮਾਰਗ ਦਸਦੇ ਸਨ ਤੇ ਸਿੱਧ ਹਠ-ਯੋਗ ਦੀ ਧਾਰਨਾ ਨੂੰ ਇਕੋ ਇਕ ਠੀਕ ਰਾਹ ਮੰਨਦੇ ਸਨ। ਗੁਰੂ ਸਾਹਿਬ ਸੰਸਾਰ ਵਿਚ ਰਹਿ ਕੇ ਕਰਮਯੋਗੀ ਜੀਵਨ ਬਿਤਾਂਦਿਆਂ ਮਾਇਆ ਤੋਂ ਨਿਰਲੇਪ ਰਹਿਣ ਦੀ ਪ੍ਰੇਰਨਾ ਦਿੰਦੇ ਸਨ ਤੇ ਸਿੱਧ ਸੰਸਾਰ-ਤਿਆਗ ਨੂੰ ਜ਼ਰੂਰੀ ਤੇ ਪਹਿਲੀ ਗੱਲ ਆਖਦੇ ਹਨ । ਧਾਰਮਿਕ ਮਾਰਗ ਉਤੇ ਚਲਣ ਲਈ 'ਗੁਰੂ' ਦੀ ਲੋੜ ਉਤੇ ਦੋਹਾਂ ਜ਼ੋਰ ਦਿਤਾ ਹੈ ਪਰੰਤੂ ਗੁਰੂ ਨਾਨਕ 'ਸ਼ਬਦ ਗੁਰੂ' ਮੰਨਦੇ ਹਨ ਜਦੋਂ ਕਿ ਸਿਧਾਂ ਦੇ ਆਪਣੇ ਆਪਣੇ ਵਿਅਕਤੀਗਤ ਗੁਰੂ ਸਨ। ਇਹ 'ਸ਼ਬਦ ਗੁਰੂ ਨਾਨਕ ਦੀ ਵਿਚਾਰਧਾਰਾ ਅਨੁਸਾਰ 'ਨਾਮ' ਹੈ ਜੋ ਕਿ ਹਰ ਥਾਂ ਨਿਰੰਤਰ ਰਵ ਰਿਹਾ ਹੈ, ਇਸ ਤੋਂ ਬਿਨਾ ਜੋਗ ਸੰਭਵ ਹੀ ਨਹੀਂ ।

ਜੋਗ ਮਤ ਦਾ ਪੂਰਨ, ਮਨੁਖ 'ਸਿੱਧ' ਹੈ ਤੇ ਗੁਰੂ ਨਾਨਕ ਸਾਹਿਬ ਦਾ ਆਦਰਸ਼ ਮਨੁਖ 'ਗੁਰਮੁਖਿ'। ਗੁਰਮੁਖ ਹਉਮੈ ਮਾਰ ਕੇ ਮਨ ਨੂੰ ਜਿਤਦਾ ਤੇ ਪਰਮ ਸਤ ਨਾਲ ਅਭੇਦਤਾ ਪ੍ਰਾਪਤ ਕਰਦਾ ਹੈ, ਇਹ ਅਭੇਦਤਾ ਦਾ ਅਰਥ ਹੈ ਰੱਬੀ ਗੁਣਾਂ ਨੂੰ ਪੂਰੀ ਤਰ੍ਹਾਂ ਜੀਵਨ ਵਿਚ ਧਾਰਣ ਕਰਨਾ, ਫਿਰ ਉਸ ਦੇ ਲਈ ਦਵੈਤ ਨਹੀਂ ਰਹਿ ਜਾਂਦੀ, ਸਭ ਦਾ ਭਲਾ ਉਸ ਦਾ ਆਦਰਸ਼ ਹੁੰਦਾ ਹੈ । ਅਜੇਹੇ ਕਲਿਆਣਕਾਰੀ ਵਿਅਕਤੀ ਪੈਦਾ ਕਰਨਾ ਹੀ ਧਰਮ ਦਾ ਨਿਸ਼ਾਨਾ ਹੈ।

ਗੋਸ਼ਟਿ ਸਾਹਿਤ ਦਾ ਅਧਿਐਨ ਕਰਦਿਆਂ ਇਕ ਗੱਲ ਧਿਆਨ ਗੋਚਰੇ ਕਰਨੀ ਜ਼ਰੂਰੀ ਹੈ ਕਿ ਜਦੋਂ ਗੁਰੂ ਸਾਹਿਬ ਜੋਗੀਆਂ ਨਾਥਾਂ ਨਾਲ ਗੱਲ ਕਰਦੇ ਸਨ ਤਾਂ ਉਹ ਉਹਨਾਂ ਦੀ ਸੰਕੇਤਾਵਲੀ ਵਿਚ ਆਪਣਾ ਸਿੱਧਾਂਤ ਸਮਝਾਉਂਦੇ ਸਨ, ਸ਼ਬਦਾਵਲੀ ਉਹਨਾਂ ਦੀ ਸੀ ਤੇ ਵਿਚਾਰਵਲੀ ਗੁਰੂ ਜੀ ਦੀ ਆਪਣੀ। ਜੋਗੀ ਪਰੰਪਰਾ ਵਿਚ ਵੀ ਕਈ ਐਸੇ ਵਿਅਕਤੀ ਸਨ ਜਿਨ੍ਹਾਂ ਅਧਿਆਤਮਕਤਾ ਦਾ ਭੇਦ ਪਾਇਆ ਹੋਇਆ ਸੀ ਤੇ ਇਸੇ ਕਿਸਮ ਦੇ ਵਿਚਾਰ ਪ੍ਰਗਟਾਏ ਸਨ। ਸਿੱਧ-ਸਾਹਿਤ ਵਿਚ ਇਸ ਦੇ ਕਈ ਪ੍ਰਮਾਣ ਮਿਲਦੇ ਹਨ। 'ਸਿੱਧ ਗੋਸਟਿ' ਵਾਲੇ ਸਵਾਲ ਜਵਾਬ ਹੋਰ ਗੋਸ਼ਟਾਂ ਵਿਚ ਵੀ ਜਿਉਂ ਦੇ ਤਿਉਂ ਮਿਲਦੇ ਹਨ ।

ਗੁਰੂ ਸਾਹਿਬ ਦੇ ਸੰਕਲਪ ਦਾ ਆਦਰਸ਼ ਮਨੁੱਖ 'ਗੁਰਮੁਖਿ' ਹੈ ਜੋ ਨਾਮ ਨਾਲ ਆਤਮਾ ਨੂੰ, ਦਾਨ ਨਾਲ ਮਨ ਨੂੰ ਤੇ ਇਸ਼ਨਾਨ ਨਾਲ ਤਨ ਨੂੰ ਸ਼ੁਧ ਕਰਦਾ ਹੈ । ਨ ਉਹ ਤਨ ਵਲੋਂ ਅਵੇਸਲਾ ਹੁੰਦਾ ਹੈ ਤੇ ਨਾ ਹੀ ਮਨ ਵਲੋਂ । ਉਹ ਸਮਾਜਕ ਜ਼ਿਮੇਂਵਾਰੀਆਂ ਨੂੰ ਅਨੁਭਵ ਕਰਦਾ ਹੋਇਆ ਆਪਣੇ ਕਰਤੱਵਾਂ ਦਾ ਪਾਲਣ ਕਰਦਾ ਹੈ । ਉਹ ਰਾਵਣ ਵਰਗੀ ਰਾਖਸ਼-ਸ਼ਕਤੀ ਨੂੰ ਮੇਟ ਸਕਦਾ ਹੈ । ਸਮੁੰਦਰਾਂ ਤੇ ਪੱਥਰ ਤਾਰ ਸਕਦਾ ਹੈ, ਉਸਨੂੰ ਕੋਈ ਬੰਨ੍ਹ ਨਹੀਂ ਸਕਦਾ ।

ਗੁਰਮੁਖਿ ਨਾਮ ਦਾਨ ਇਸਨਾਨੁ ।
ਗੁਰਮੁਖਿ ਲਾਗੈ ਸਹਜਿ ਧਿਆਨੁ ।
ਗੁਰਮੁਖਿ ਵੈਰ ਵਿਰੋਧ ਗਵਾਵੈ ।
ਗੁਰਮੁਖਿ ਸਗਲੀ ਗਣਤਿ ਮਿਟਾਵੈ ।
ਗੁਰਮੁਖਿ ਦਰਗਹਿ ਸਿਫਤਿ ਸਮਾਇ ।
ਨਾਨਕ ਗੁਰਮੁਖਿ ਬੰਧੁ ਨ ਪਾਇ ।

ਅੰਤ ਵਿਚ ਸਾਰੇ ਸਵਾਲ ਦਾ ਇਕੋ ਇਕ ਅਨੁਭਵੀ ਜਵਾਬ ਹੈ ਕਿ ਨਾਮ ਤੋਂ ਬਿਨਾਂ ਯੋਗ ਸੰਪੂਰਨ ਨਹੀਂ ਤੇ ਨਾ ਹੀ ਮੁਕਤੀ ਮਿਲਣੀ ਸੰਭਵ ਹੈ। ਭੇਖ ਨਾਲ ਕੁਝ ਨਹੀਂ ਹੁੰਦਾ । ਸੋ ਸਿਧ ਗੋਸ਼ਟਿ *


www.AKJ.Org

# ਏਕਮ ਏਕੰਕਾਰ ਨਿਰਾਲਾ

(ਵਲੋਂ—ਸ. ਹਰਬਖ਼ਸ਼ ਸਿੰਘ ਜੀ ਐਮ.ਏ. ਮਿਸ਼ਨਰੀ, ਸਿੰਘਾਪੁਰ)

ਪ੍ਰਾਚੀਨ ਸਮੇਂ ਵਿਚ ਸਭ ਤੋਂ ਪੁਰਾਣੀ ਦਸ ਹਜ਼ਾਰ ਸਾਲਾਂ ਦੀ ਹਿੰਦੂ ਸੰਸਕ੍ਰਿਤੀ ਵਿਚ ਬੇਅੰਤ ਮਤਭੇਦ ਪੈ ਚੁਕੇ ਸਨ। ਮਹਾਤਮਾ ਬੁਧ ਦੇ ਅਠ ਨੁਕਤੀਏ ਅਸੂਲ ਜੋ ਕਿ ਪੰਜ ਹਜ਼ਾਰ ਸਾਲ ਪੁਰਾਣੇ ਸਨ ਜੀਵਾਂ ਨੂੰ ਜੁਗਤੀ ਨਹੀਂ ਸਨ ਦਸ ਸਕੇ। ਦੋ ਹਜ਼ਾਰ ਸਾਲ ਈਸਾਈਆਂ ਦੀ ਇਨਸਾਨੀ ਸੁਰਤਾ ਅਜੇ ਵੀ ਆਸਾਂ ਨਹੀਂ ਸੀ ਬੁਝਾ ਸਕੀ। ਡੇਢ ਹਜ਼ਾਰ ਸਾਲ ਹੋਏ ਮੱਕੇ ਦੇ ਮੰਦ੍ਰਾਂ ਵਿਚ ਬੁਤ-ਪ੍ਰਸਤੀ ਹੋਇਆ ਕਰਦੀ ਸੀ। ਭਾਵ ਇਹ ਕੀ ਹਿੰਦੂ,ਕਿ ਬੋਧੀ, ਕੀ ਈਸਾਈ ਤੇ ਕੀ ਮੁਸਲਮਾਨ ਸਭ ਹੀ ਕਰਤਾ ਤੇ ਕਾਦਰ ਸਬੰਧੀ ਭੁਲੇਖਿਆਂ ਵਿਚ ਪੈ ਕੇ ਡਕੋ ਡੋਲੇ ਖਾ ਰਹੇ ਸਨ। ਹਰ ਧਰਮ ਦੀ ਹੋਂਦ ਦੇ ਸਾਲ ਤੇ ਤ੍ਰੀਕਾਂ ਸਭ ਸੰਸਾਰੀ ਜਾਣਦੇ ਸਨ ਪਰ ਦੁਨੀਆਂ ਦੇ ਮਾਲਕ ਦੀ ਹੋਂਦ ਸਬੰਧੀ ਕਾਫੀ ਗੋਝ-ਗਿਆਨ ਦੀ ਲੋੜ ਸੀ। ਕਾਬਾ ਇਬਰਾਹੀਮ ਦੇ ਬਾਪ ਦੇ ਬੁਤਾਂ ਦਾ ਮੰਦਰ ਸੀ। ਇਨਸਾਨੀ ਬੁਤਾਂ ਦੇ ਘਾੜੇ- ਬਾਰੇ ਧਰਮ ਦੇ ਆਗੂ ਵਿਰੋਲਿਆਂ ਦੀ ਭਾਲ ਕਰਨ ਲਗ ਪਏ ਸਨ।

ਜੇ ਹਿੰਦੂ ਦਾ ਹਰ ਪਥਰ ਠਾਕੁਰ ਬਣ ਸਕਦਾ ਸੀ ਫਿਰ ਹਰ ਜਿਉਂਦਾ ਦਿਲ ਕਿਉਂ ਮੰਦਰ ਨਾ ਸਮਝਿਆ ਜਾਂਦਾ ਏਹ ਭੁਲੇਖਾ ਦੂਰ ਕਰਨਾ ਜ਼ਰੂਰੀ ਸੀ। ਮਸਜਿਦ ਦੀ ਮੇਹਰਾਬ ਦੇ ਸਾਹਮਣੇ ਜਾਂ ਪਛਮ ਦੀ ਦਿਸ਼ਾ ਵਲ ਮੂੰਹ ਕਰਕੇ ਪੜ੍ਹੀ ਗਈ ਨਿਮਾਜ਼ ਕਾਦਰ ਨੂੰ ਕਿਉਂ ਕਬੂਲ ਹੋ ਜਾਂਦੀ ਜੇਕਰ ਸਿਦਕ ਦਿਲੀ ਨੂੰ ਫਤਵੇ ਨਾ ਦਿਤੇ ਜਾਂਦੇ, ਇਹ ਸਮਝਾਉਣਾ ਬੜਾ ਕਠਿਨ ਸੀ। ਹਕੂਮਤ ਦੇ ਹੰਕਾਰ ਸਾਫ ਤੇ ਸਪਸ਼ਟ ਅਖਾਂ ਨੂੰ ਲੁਕਾਈ ਰਖਦੇ ਸਨ, ਇਨ੍ਹਨੂੰ ਪ੍ਰਗਟ ਕਰ ਕੇ ਦਸਣਾ ਬੜਾ ਹੀ ਦਿਲ ਜਿਗਰੇ ਦਾ ਕੰਮ ਸੀ। ਗਿਰਜੇ ਵਿਚ ਸਲੀਬ ਦੇ ਨਿਸ਼ਾਨ ਨੂੰ ਹੀ ਮਾਲਕ ਮਨਣਾ ਅਤੇ ਮਰਨ ਵਾਲੇ ਦਾ ਹਿਸਾਬ ਕਿਸੇ ਖਾਸ ਦਿਨ ਦੇਣਾ ਭਰੋਸੇ ਤੇ ਹਟ ਮਾਰੂ ਸੀ ਪਰ ਯਸੂ ਮਸੀਹ ਦੇ ਮੰਨਣ ਵਾਲੇ ਅਮਲਾਂ ਦੀ ਕਲਾਈ ਕਿਸੇ ਹੋਰ ਨੂੰ ਫੜਾ ਕੇ ਛੁਟਕਾਰਾ ਹਾਸਲ ਕਰਨ ਦੇ ਆਹਰ ਵਿਚ ਸਨ, ਪਰ ਅਸਲੀਅਤ ਨੂੰ ਲੁਕਾਣਾ ਕਠਿਨ ਸੀ।

ਪੰਜ ਸੌ ਸਾਲ ਹੋਏ ਸਤਿਗੁਰੂ ਨਾਨਕ ਨਿਰੰਕਾਰ ਰੂਪ ਨੇ ਨਨਕਾਣੇ ਵਿਖੇ ਪ੍ਰਗਟ ਹੋਕੇ ਅਨੋਖੀ ਫਿਲਾਸਫੀ ਪੇਸ਼ ਕੀਤੀ ਸਤਿਗੁਰੂ ਜੀ ਨੇ ਫਰਮਾਇਆ ਕਿ ਤੌਹੀਦ ਕੇਵਲ ਨਬੀ ਦੀ ਨਹੀਂ, ਰਸੂਲ ਦੀ ਹੀ ਨਹੀਂ, ਅਵਤਾਰਾਂ ਦੀ ਨਹੀਂ, ਜੋ ਅਜਪਾ ਜਾਪੁ ਹੋ ਰਿਹਾ ਹੈ ਤਾਂ ਓਹ ਹੈ ਕਰਤੇ ਦਾ ਜੋ ਇਨ੍ਹਾਂ ਚੌਹ ਜੁਗਾਂ ਤੋਂ ਵੀ ਪਹਿਲਾਂ ਇਨਸਾਨੀ ਇਨਕਲਾਬ ਤੇ ਇਤ-ਕਾਦ ਤੋਂ ਵੀ ਪਹਿਲਾਂ ਪ੍ਰਕਾਸ਼ਮਈ ਸੀ। ਉਦੋਂ ਤਾਂ ਕੋਈ ਕੁਰਾਨ, ਕਤੇਬ, ਅੰਜੀਲ, ਬ੍ਰਹਮਾ ਦੇ ਵੇਦ ਇਨਸਾਨੀ ਦਮਾਗ ਵਿਚ ਨਹੀਂ ਸਨ ਜਨਮੇ, ਜਦ ਤੋਂ ਓਹ ਕਰਤਾ ਕਰੀਮ ਨਿਰੰਕਾਰ ਨੇ ਰਚਨਾ ਕੀਤੀ।

ਬੇਦ ਕਤੇਬ ਨ ਸਿੰਮ੍ਰਿਤਿ ਸਾਸਤ ।। ਪਾਠ ਪੁਰਾਣ ਉਦੋ ਨਹੀ ਆਸਤ ।। ਕਹਤਾ ਬਕਤਾ ਆਦਿ ਅਗੋਚਰ, ਆਪੇ ਅਲਖੁ ਲਖਾਇਦਾ ਹੀ ਸੀ। ਓਹੋ ਕਰਤਾ—ਕਰਨ ਕਾਰਨ ਸਮਰਥ ਨਿਰੰਕਾਰ ਸਰਿਸ਼ਟੀ ਦੀ ਰਚਨਾ ਕਰ ਰਿਹਾ ਸੀ। ਫਿਰ ਇਹ ਪਸਾਰਾ ਕਰਨਹਾਰਾ ਹੀ ਜਾਣਦਾ ਸੀ ਕਿ ਕਿਤਨੀ ਦੇਰੀ ਲਗੀ। ਗੁਰੂ ਮਹਾਰਾਜ ਜੀ ਨੇ ਬੀਤੇ ਸਾਰੇ ਧਰਮਾਂ ਨੂੰ ਸਚਿਆਈ

---

* ਦਾ ਸਾਰੰਸ਼ ਹਠਯੋਗ ਦਾ ਤਿਆਗ ਕਰ ਕੇ ਨਾਮ ਮਾਰਗ ਧਾਰਨ ਕਰਨਾ ਹੈ, ਇਸ ਲਈ ਬਨਵਾਸ ਲੈਣਾ ਜ਼ਰੂਰੀ ਨਹੀਂ ਸਗੋਂ ਦੁਨੀਆਂ 'ਚ ਵਿਚਰਦਿਆਂ ਮਨ ਦੀਆਂ ਬੁਰਿਆਈਆਂ ਮਿਟਾ ਕੇ ਆਪਣੇ ਆਪੇ ਨੂੰ ਪਰਮ ਆਪੇ ਨਾਲ ਇਕਸੁਰ ਕਰਨਾ ਹੈ।

ਸਬਦੇ ਕਾ ਨਿਬੇੜਾ ਸੁਣਿ ਤੂ ਅਉਧੂ
ਬਿਨ ਨਾਵੈ ਜੋਗੁ ਨ ਹੋਈ।

——

www.AKJ.Org

ਦਰਸਾਈ, 'ਜੁਗੁ ਛਤੀਹ ਤਿਨੈ ਵਰਤਾਏ। ਜਿਉ ਤਿਸੁ ਭਾਣਾ ਤਿਵੈ ਚਲਾਏ।' ਭਾਵ ਕਾਦਰ ਕਰਨ ਕਰਾਵਨਹਾਰ ਹੀ ਜਾਣਦਾ ਹੈ ਕਿ ਕਿਤਨੀ ਦੇਰੀ ਵਿਚ ਸੰਸਾਰ ਨੂੰ ਰਚਿਆ। ਇਹ ਸਚੇ ਦੀ ਕ੍ਰਿਪਾ ਦ੍ਰਿਸ਼ਟੀ ਵੀ ਅਕਹਿ ਅਕੱਥ ਤੇ ਅਸਚਰਜ ਹੈ, ਜਿਸਨੇ ਸੰਸਾਰ ਨੂੰ ਉਪਜਾਇਆ, ਰਾਗ ਆਸਾ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਪਸ਼ਟ ਕਰਦਿਆਂ ਦਸਿਆ ਹੈ ਕਿ 'ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ' ਬਣਾਉਣ ਵਾਲਾ ਵੀ ਓਹੋ ਤੇ ਨਾਉ ਰਖਣਵਾਲਾ ਵੀ ਓਹੋ ਆਪ ਸਚਾ ਸ਼ਾਹ ਕਰਤਾ ਕਾਰਨ ਕਰਨ ਰਹੀਮ ਸੀ।

ਸਚੇ ਤੋਂ ਪੌਣ, ਪੌਣ ਤੋਂ ਜਲ, ਜਲ ਤੋਂ ਸ੍ਰਿਸ਼ਟੀ ਬਣੀ। ਸੁੰਨ ਤੋਂ ਸ੍ਰਿਸ਼ਟੀ ਬਣੀ ਭਾਵ ਸੁੰਨ ਤੋਂ ਵਾਯੂ ਜਲ ਤੇ ਹੋਰ ਰਚਨਾ ਹੋਈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਲਜੁਗ ਵਿਚ ਨਵਾਂ ਤੇ ਨਿਰਾਲਾ ਫਿਲਸਫਾ ਪੇਸ਼ ਕੀਤਾ। ਸਾਧਸੰਗਤ ਸਚ ਖੰਡ ਹੈ। ਨਿਰੰਕਾਰ ਗੁਰੂ ਸ਼ਬਦ ਨਾਲ ਦਰਸਾਇਆ। ਆਪ ਜੀ ਨੇ ਸਿਧ ਕੀਤਾ ਕਿ ਅਕਾਲਪੁਰਖ ਅਬਨਾਸ਼ੀ ਤੇ ਅਸਚਰਜ ਕੌਤਕ ਕਰਨ ਵਾਲੀ ਸ਼ਕਤੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲੋਕਾਂ ਨੂੰ ਸਮਝਾਇਆ ਕਿ ਅਨੇਕਾਂ ਵਲੀ, ਸਿਧ, ਪੀਰ, ਬ੍ਰਹਮਾ, ਜਾਂ ਰਸੂਲ ਉਸ ਅਥਾਹ ਅਗਮ ਅਪਾਰ ਤੇ ਅਸਗਾਹ ਰਚਨਹਾਰੇ ਦੀ ਲੀਲਾ ਨੂੰ ਲਖ ਨਹੀਂ ਸਕਦੇ। ਪ੍ਰੇਮ ਰੂਪ ਪ੍ਰਮਾਤਮਾ ਨੂੰ ਪਾਣਾ ਮੁਸ਼ਕਲ ਕਿਉਂ ਹੈ, ਆਪ ਜੀ ਨੇ ਗੁਰਬਾਣੀ ਦੁਆਰਾ ਫਰਮਾਇਆ :—

ਏਵਡੁ ਊਚਾ ਹੋਵੈ ਕੋਇ ਤਿਸੁ ਊਚੇ ਕਉ ਜਾਣੈ ਸੋਇ ॥

ਇਨਸਾਨ ਹੀ ਨਰਾਇਣ ਨੇ ਆਪਣਾ ਸਰੂਪ ਬਣਾ ਕੇ ਘਲਿਆ ਸੀ। ਅੰਦਰ ਤੇ ਬਾਹਰ ਦੀ ਚੇਤੰਤਾ ਨੂੰ ਸਮਝਣ ਲਈ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਨੇ ਬਖਸ਼ਿਸ਼ਾਂ ਦੇ ਕੇ ਘਲਿਆ। ਏਕੰਕਾਰ ਰੂਪ ਵਲੀ ਅਲਾਹ ਤੇ ਅਵਤਾਰ ਜਾਂ ਰੱਬ ਦੇ ਅਸਲ ਪੁਤਰ ਪਰਤਖ ਰੂਪ ਵਿਚ ਪੇਸ਼ ਨਹੀਂ ਸਨ ਕਰ ਸਕੇ, ਜਿਸ ਕਰਕੇ ਸ੍ਰੀ ਗੁਰੂ ਨਾਨਕ ਨੂੰ ਪ੍ਰਗਟ ਕਰਕੇ ਵਿਆਖਿਆ ਕਰਾਣ ਹਿਤ ਘਲਿਆ ਗਿਆ। ਆਪ ਜੀ ਨੇ ਓਅੰਕਾਰ ਬਾਣੀ ਦੁਆਰਾ ਵੀ ਨਿਰਗੁਣ ਤੇ ਸਰਗੁਣ ਪ੍ਰਮਾਤਮਾ ਨੂੰ ਮੂਰਤੀਮਾਨ ਕੀਤਾ। ਆਪ ਜੀ ਨੇ ਫਰਮਾਇਆ ਕਿ ਇਕ ਓਅੰਕਾਰ ਦੀ ਪ੍ਰਾਪਤੀ ਸਤਿਗੁਰੂ ਤੇ ਸਤਿਸੰਗ ਦੁਆਰਾ ਹੋ ਸਕਦੀ ਹੈ। ਇਸ ਏਕੰਕਾਰ ਦੇ ਮਿਲਣ ਨਾਲ ਭਰਮ, ਭਉ ਭੇਖ, ਹਉਮੈ. ਵਿਕਾਰ ਤੇ ਮਾਇਆ ਦਾ ਨਾਸ਼ ਹੋ ਸਕਦਾ ਹੈ।

ਜਦੋਂ ਏਕੰਕਾਰ ਤੇ ੧ ਓਂਕਾਰ ਦੁਆਰਾ ਮਨ ਵਸ ਵਿਚ ਆ ਗਿਆ, ਜੀਵ ਭਾਉ ਸਾਗਰ ਤੋਂ ਪਾਰ ਹੋ ਗਿਆ ਸਿਖ ਮਨਜ਼ਲ ਹੀ ਏਕੰਕਾਰ ਨੂੰ ਸਮਝਣ ਵਿਚ ਹੈ। ਏਕੰਕਾ ਸਭ ਤੋਂ ਉਚਾ ਤੇ ਅਨੇਕ ਤਰ੍ਹਾਂ ਤੋਂ ਪਸਰ ਰਿਹਾ ਹੈ, ਇਸ ਦ ਵਿਆਖਿਆ ਕਰਦਿਆਂ ਰਾਗ ਰਾਮਕਲੀ ਵਿਚ ਅੰਕਤ ਕੀਤਾ ਹੈ-

ਪ੍ਰਭੁ ਨੇੜੈ ਹਰਿ ਦੂਰਿ ਨ ਜਾਣਿਹੁ, ਏਕੋ ਸ੍ਰਿਸਟਿ ਸਬਾਈ ॥
ਏਕੰਕਾਰੁ ਅਵਰੁ ਨਹੀ ਦੂਜਾ ਨਾਨਕ ਏਕੁ ਸਮਾਈ ॥'

ਏਕੰਕਾਰ ਆਦਿ ਨਰਿੰਜਨ ਤੇ ਨਿਰਭਉ ਹੈ ਏਕੰਕਾਰ ਕਾ ਤੋਂ ਪਰੇ ਹੈ, ਜੋ ਇਨਸਾਨ ਇਸਨੂੰ ਸਮਝ ਗਿਆ ਓਹੋ ਮੁਕਤ ਪ੍ਰਾਪਤ ਕਰ ਗਿਆ ਫ਼ਰਮਾਇਆ ਹੈ:—

ਸਾਹਾ ਗਣਤਿ ਨ ਕਰਹਿ ਬੀਚਾਰ ॥ ਸਾਹੇ ਊਪਰਿ ਏਕੰਕਾਰ

ਜਦੋਂ ਰੱਬੀ ਰਚਨਾ ਹੁੰਦੀ ਹੈ, ਏਕੰਕਾਰ ਤੋਂ ਹੁੰਦੀ ਹੈ ਏਕੰਕਾਰ ਇਕ ਪਸਾਰਾ ਹੈ, ਉਹ ਸੰਪੂਰਨ ਹੈ, ਨਿਰਾਲਾ ਹੈ ਅਪਰੰਪਰ, ਅਮਰ, ਅਜੋਨੀ ਤੇ ਅਬਿਨਾਸ਼ੀ ਹੈ, ਜਿਸ ਸਬੰ ਬਿਲਾਵਲ ਰਾਗ ਵਿਚ ਅੰਕਤ ਹੈ—

ਏਕਮ ਏਕੰਕਾਰੁ ਨਿਰਾਲਾ ॥
ਅਮਰੁ ਅਜੋਨੀ ਜਾਤਿ ਨ ਜਾਲਾ ॥

ਇਥੋਂ ਤੀਕ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਕ ਸਚੇ ਪ੍ਰਮੇਸ਼ਰ ਨੂੰ ਰੂਪਮਾਨ ਕਰਦਿਆਂ ਗਉੜੀ ਰਾਗ ਵਿਚ ਉਚਾਰਿਆ :—

ਜਹ ਦੇਖਉ ਤਾ ਏਕੰਕਾਰੁ ॥

ਨਿਰੰਕਾਰੀ ਜੀ ਨੇ ਨਿਰੰਕਾਰ ਨੂੰ ਏਕੰਕਾਰ ਦੇ ਰੂਪ ਵਿਚ ਮਿਲਣ ਦੇ ਸਾਧਨ ਦੱਸ ਕੇ ਸਮਝਾਇਆ ਹੈ, ਹੇ ਜੀਵ ਜਿਸਨੂੰ ਏਕੰਕਾਰ ਮਿਲ ਗਿਆ ਉਹ ਤਰ ਗਿਆ :—

ਜਿਨਕੇ ਹਿਰਦੈ ਏਕੰਕਾਰੁ ॥ ਸਰਬ ਗੁਣੀ ਸਾਚਾ ਬੀਚਾਰੁ ॥

ਸੋ ਵਿਸ਼ਵ ਨੂਰ ਨਿਰੰਕਾਰੀ ਨਾਨਕ ਨੇ ਸੰਸਾਰ ਵਿਚ ਸੱਚ ਦਾ ਪ੍ਰਕਾਸ਼ ਕੀਤਾ ਤੇ ਨਾਮ ਦੀ ਸੁਗੰਧੀ ਖਿਲਾਰੀ। ਇਕ ਓਅੰਕਾਰ ਦਾ ਬ੍ਰਹਮ ਗਿਆਨ ਫੈਲਾਇਆ। ਨਾਮ ਖੁਮਾਰੀ ਤੇ ਕੰਵਲ ਨੈਣਾਂ ਵਾਲੇ ਪਾਤਸ਼ਾਹ ਬਾਣੀ ਦੁਆਰਾ ਦਰਸਾਇਆ ਕਿ ਵਾਹਿਗੁਰੂ ਇਕ ਗ਼ੈਬੀ ਤੇ ਪਰਮ ਅਦਭੁਤ, ਸਦਾ ਹਾਜ਼ਰ ਹਜ਼ੂਰ ਸ਼ਕਤੀ ਹੈ।

ਸੂਰਜ ਏਕੋ ਰੁਤਿ ਅਨੇਕ ॥ ਨਾਨਕ ਕਰਤੇ ਕੇ ਕੇਤੇ ਵੇਸ ॥

ਇਕ ਓ ਅੰਕਾਰ ਦੀ ਵਿਆਖਿਆ ਕਰਦਿਆਂ ਮੂਲਮੰਤ੍ਰ ਉਪਜਾਇਆ ਤੇ ਮੂਲ ਮੰਤ੍ਰ ਦੀ ਵਿਆਖਿਆ ਜਪੁਜੀ ਸਾਹਿਬ ਦੁਆਰਾ ਕਰਕੇ, ਅਕਾਲ ਤੇ ਨਿਰੰਕਾਰ ਦੀ ਮੂਰਤ ਸੰਸਾਰੀਆਂ ਦੇ ਸਾਹਮਣੇ ਰਖੀ।

ਨਾਨਕ ਜਿਨ ਕਉ ਸਤਿਗੁਰ ਮਿਲਿਆ, ਤਿਨਕਾ ਲੇਖਾ ਨਿਬੜਿਆ

www.AKJ.Org

# ਗੁਰੂ ਨਾਨਕ ੫੦੦ ਸਾਲਾ ਗੁਰਪੁਰਬ ਸਮਾਗਮ

ਬਿਨੈ ਹੈ ਕਿ ਪਠਾਨਕੋਟ ਦੀ ਸੰਗਤ ਨੇ ਹੇਠਲੇ ਪ੍ਰੋਗਰਾਮ ਅਨੁਸਾਰ ਸਮਾਗਮ ਦੀ ਪਰਵਾਨਗੀ ਨਿਰਬਾਣ ਕੀਰਤਨੀ ਜਥਾ ਭਾਈ ਮਹਿੰਦਰ ਸਿੰਘ ਜੀ ਪਟਿਆਲੇ ਵਾਲਿਆਂ ਤੋਂ ਲੈ ਲਈ ਹੈ ਅਤੇ ਉਤਸ਼ਾਹ ਭਰੇ ਉਦਮ ਨਾਲ ਤਿਆਰੀਆਂ ਹੋ ਰਹੀਆਂ ਹਨ। ਲਾਹੇ ਲੈਣ ਲਈ ਦਰਸ਼ਨ ਦੇ ਕੇ ਧੰਨਵਾਦੀ ਬਣਾਉ ਜੀ।

– ਪ੍ਰੋਗਰਾਮ –

੧੨–੧੨–੬੯ ਸਵੇਰੇ ੫ ਤੋਂ ੧੦ ਵਜੇ ਤਕ ਗੁਰਦਵਾਰਾ ਮਾਡਲ ਟਾਊਨ

੧੨–੧੨–੬੯ ਸ਼ਾਮ ੬ ਤੋਂ ੯-੩੦ ਰਾਤ ਤਕ ਸੈਨਿਕ ਗੁਰਦਵਾਰਾ

੧੩–੧੨–੬੯ ਸਵੇਰੇ ੫ ਤੋਂ ੧੨ ਵਜੇ ਦੁਪਹਿਰ ਤਕ ਮਲਕਪੁਰ ਹਾਈਡਲ ਕਾਲੋਨੀ

੧੩–੧੨–੬੯ ਸ਼ਾਮ ੮ ਤੋਂ ਸਵੇਰੇ ੮ ਤਕ ਰੈਣ ਸਬਾਈ ਕੀਰਤਨ ਗੁ: ਮਾਡਲ ਟਾਊਨ

ਨੋਟ—ਸੰਗਤਾਂ ਦੇ ਠਹਿਰਨ ਦਾ ਪ੍ਰਬੰਧ ਗੁਰਦਵਾਰਾ ਮਾਡਲ ਟਾਊਨ ਪਠਾਨਕੋਟ ਵਿਚ ਹੀ ਹੈ।

ਪੁਛ ਗਿਛ ਭਾਈ ਹਿੰਮਤ ਸਿੰਘ ਜੀ (ਕੋਠੀ ਨੰ: ੧੦੭) ਸੈਨਗੜ ਤੋਂ ਕਰੋ ਜੀ।

ਦਾਸ–ਸੰਗਤ, ਮਾਡਲ ਟਾਊਨ ਗੁਰਦਵਾਰਾ ਸਾਹਿਬ, ਪਠਾਨਕੋਟ।

# ਸਾਲਾਨਾ ਅਖੰਡ ਕੀਰਤਨ ਸਮਾਗਮ ਮੇਰਠ

ਸਤਿਗੁਰੂ ਜੀ ਦੀ ਅਪਾਰ ਕ੍ਰਿਪਾ ਸਦਕਾ ਪਿਛਲੇ ਸਾਲ ਦੀ ਤਰ੍ਹਾਂ ਮੇਰਠ ਵਿਖੇ 5, 6 ਤੇ 7 ਮਾਰਚ 1970 ਨੂੰ ਸਾਲਾਨਾ ਕੀਰਤਨ ਸਮਾਗਮ ਹੋ ਰਿਹਾ ਹੈ, ਜਿਸ ਵਿਚ ਹਿੰਦੁਸਤਾਨ ਦੇ ਕੋਨੇ ਕੋਨੇ ਤੋਂ ਅਖੰਡ ਕੀਰਤਨੀ ਜਥੇ ਪਹੁੰਚ ਰਹੇ ਹਨ ਜੀ। ਸੋ ਆਪ ਜੀ ਦੀ ਸੇਵਾ ਵਿਚ ਬੇਨਤੀ ਹੈ ਕਿ ਆਪ ਜੀ ਸੰਗੀਆਂ ਸਾਥੀਆਂ ਸਮੇਤ ਦਰਸ਼ਨ ਦੇ ਕੇ ਕ੍ਰਿਤਾਰਥ ਕਰੋ ਤੇ ਨਾਮ ਦੇ ਲਾਹੇ ਪਰਾਪਤ ਕਰੋ। ਵਿਸਥਾਰਤ ਪਰੋਗਰਾਮ 'ਸੂਰਾ' ਦੇ ਅਗਲੇ ਅੰਕ ਵਿਚ ਦਿਤਾ ਜਾਵੇਗਾ।

–ਚਿਠੀ ਪੱਤਰ–
ਮਾਸਟਰ ਪਰਤਾਪ ਸਿੰਘ
87-ਏ, ਸ਼ਾਕਪੁਰੀ, ਕੰਕਰ ਖੇੜਾ, ਮੇਰਠ ਛਾਉਣੀ

–ਆਪ ਜੀ ਦੇ ਦਾਸਰੇ–
ਅਖੰਡ ਕੀਰਤਨੀ ਜਥਾ,
ਮੇਰਠ

ਨੋਟ–ਸਰਬਤ ਗੁਰੂ ਪਿਆਰਿਆਂ ਦੇ ਚਰਨਾਂ ਵਿਚ ਜੋਦੜੀ ਹੈ ਕਿ ਇਹਨਾਂ ਤਾਰੀਖ਼ਾਂ ਵਿਚ ਕੋਈ ਸਜਣ ਅਖੰਡ ਪਾਠ, ਅਖੰਡ ਕੀਰਤਨ ਸਮਾਗਮ ਨਾ ਰਖਣ ਤਾਕਿ ਅਸੀਂ ਸਾਰੇ ਰਲ ਮਿਲ ਕੇ ਗੁਰੂ ਸਾਹਿਬ ਜੀ ਦੀ ਗੋਦ ਵਿਚ ਬੈਠ ਕੇ ਕੀਰਤਨ ਦਾ ਰਸ ਮਾਨ ਸਕੀਏ।

# ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ ॥

ਭਾ: ਸਾਹਿਬ ਭਾਈ ਜਵਾਲਾ ਸਿੰਘ ਜੀ (ਸ੍ਰੀ ਨਗਰ ਕਸ਼ਮੀਰ ਵਾਲੇ) ਜਿਹੜੇ ਅਜ ਕਲ ਬਨਾਰਸ ਰਹਿੰਦੇ ਸਨ, ਮਿਤੀ 27 ਨਵੰਬਰ ਰਾਤ ਨੂੰ ਗੁਰਪੁਰੀ ਸਿਧਾਰ ਗਏ ਹਨ। ਭਾਈ ਜਵਾਲਾ ਸਿੰਘ ਜੀ ਭਾ: ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਨਿਕਟਵਰਤੀ ਸਾਥੀਆਂ ਵਿਚੋਂ ਸਨ। ਇਹਨਾਂ ਦੀ ਆਯੂ 79 ਸਾਲ ਦੇ ਲਗ ਭਗ ਸੀ। ਆਪ ਜੀ ਦੇ ਨਮਿਤ ਸ੍ਰੀ ਅਖੰਡ ਪਾਠ ਦਾ ਭੋਗ ਮਿਤੀ 7 ਦਸੰਬਰ ਨੂੰ ਹੇਠ ਲਿਖੇ ਪਤੇ ਤੇ ਪਵੇਗਾ।

ਬੀਬੀ ਰਾਜਿੰਦਰ ਕੌਰ (ਸੁਪੱਤਨੀ ਭਾਈ ਜਵਾਲਾ ਸਿੰਘ ਜੀ)
D58/1B ਅਨੰਦ ਭਵਨ, ਸਿੰਗਰਾ, ਬਨਾਰਸ

www.AKJ.Org

## ਸਾਲਾਨਾ ਯਾਦ ਹਿਤ ਸਮਾਗਮ

ਗੁਰਪੁਰਵਾਸੀ ਸੰਤ ਜਵਾਲਾ ਸਿੰਘ ਜੀ (ਨੰਦਪੁਰ ਕਲੌੜ ਵਾਲੇ) ਜਿਨ੍ਹਾਂ ਦੀ ਸਾਲਾਨਾ ਯਾਦ ਹਿਤ ਗੁਰਦਵਾਰਾ ਸਾਹਿਬ ਨੰਦਪੁਰ ਕਲੌੜ ਵਿਖੇ 12, 13 ਤੇ 14 ਦਸੰਬਰ 1969 ਨੂੰ ਅਖੰਡ ਪਾਠ ਰੱਖਿਆ ਜਾਵੇਗਾ ਤੇ 14 ਦਸੰਬਰ ਨੂੰ ਕੀਰਤਨ ਸਮਾਗਮ ਹੋਵੇਗਾ ; ਸਰਬਤ ਸੰਗਤਾਂ ਇਸ ਸਮਾਗਮ ਵਿਚ ਦਰਸ਼ਨ ਬਖਸ਼ ਕੇ ਧੰਨਵਾਦੀ ਬਨਾਉਣ ।

ਪਿੰਡ ਨੰਦਪੁਰ ਕਲੌੜ ਨੂੰ ਬਸੀ ਪਠਾਣਾਂ ਤੋਂ ਤਿੰਨ ਵਜੇ ਬਸ ਚਲਦੀ ਹੈ ।

ਖਰੜ ਤੋਂ ਵੀ ਬਸ ਚਲਦੀ ਹੈ ।

ਪ੍ਰਧਾਨ ਜਸਮੇਰ ਸਿੰਘ
ਸੰਤ ਕ੍ਰਿਪਾਲ ਸਿੰਘ
ਨੰਦਪੁਰ ਕਲੌੜ




## ਫੁਲਬਹਿਰੀ ਸਫ਼ੈਦ ਦਾਗ਼ਾਂ ਦਾ

## ਮੁਕੰਮਲ ਇਲਾਜ

ਫੁਲਬਹਿਰੀ ਸਫ਼ੈਦ ਦਾਗ਼ਾਂ ਦੇ ਪੂਰੇ ਇਲਾਜ ਲਈ ਖ਼ਾਨਦਾਨੀ ਹਕੀਮ ਡਾ: ਐਚ. ਐਸ. ਕਟਾਰੀਆ ਨੂੰ ਮਿਲੋ, ਜਿਨ੍ਹਾਂ ਦੇ ਇਲਾਜ ਨਾਲ ਫੁਲਬਹਿਰੀ ਦੇ ਸਾਰੇ ਚਿੱਟੇ ਦਾਗ਼ ਮਿਟ ਕੇ ਸਰੀਰ ਦੀ ਚਮੜੀ ਆਪਣੇ ਅਸਲੀ ਰੂਪ ਵਿਚ ਆ ਜਾਂਦੀ ਹੈ। ਪੂਰੀ ਜਾਣਕਾਰੀ ਲਈ ਹੇਠ ਲਿਖੇ ਪਤੇ ਮਿਲੋ ਜਾਂ ਲਿਖੋ ।

## ਕਟਾਰੀਆ ਸ਼ਫ਼ਾਖ਼ਾਨਾ

ਪੀਲੀ ਸੜਕ, ਰਾਘੋਮਾਜਰਾ, ਪਟਿਆਲਾ ।


www.AKJ.Org

SURA Monthly 5 December 1969 Regd. No. P. 61

# ਬਾਬੇ ਨਾਨਕ ਦਾ ਹੋਕਾ

§§
§§

ਗੁਰੂ ਨਾਨਕ ਦੇਵ ਜੀ ਨੇ ਸਾਰੀ ਲੋਕਾਈ ਨੂੰ ਸੁਣਾਉਂਦੇ ਹੋਏ

ਉਚੀ ਅਵਾਜ਼ ਵਿਚ ਹੋਕਾ ਦਿਤਾ—

## ਸਤਿਗੁਰ ਜੇਵਡੁ ਦਾਤਾ ਕੋ ਨਹੀ
## ਸਭਿ ਸੁਣਿਅਹੁ ਲੋਕ ਸਬਾਇਆ ॥

ਅਸਾਂ ਗੁਰਮੁਖਾਂ ਦਾ ਫ਼ਰਜ਼ ਬਣਦਾ ਹੈ ਕਿ—

ਗੁਰਬਾਣੀ ਪੜ੍ਹ ਕੇ, ਗੁਰਬਾਣੀ ਖੋਜ ਕੇ, ਗੁਰਬਾਣੀ ਗਾ ਕੇ, ਗੁਰ ਸ਼ਬਦ ਕਮਾ ਕੇ, ਇਹ ਜਾਨਣ ਦਾ ਯਤਨ ਕਰੀਏ ਕਿ—

## ਸਤਿਗੁਰੂ ਦਾਤਾ ਕਿਵੇਂ ਸਾਰਿਆਂ ਤੋਂ ਵੱਡਾ ਤੇ ਉਚਾ ਹੈ ।

www.AKJ.org